PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 21 ਮਈ ਤੋਂ 27 ਮਈ, 2026 | Email :- editor@punjabstar.com, Vo. 20. Issue:1238


## ਕੈਨੇਡਾ ਆਉਣ ਵਾਲੇ ਪੰਜਾਬੀਆਂ ਨੂੰ ਵੱਡਾ ਝਟਕਾ

### ਸਪਾਊਸ ਵੀਜ਼ੇ ਲਈ IELTS ਲਾਜ਼ਮੀ ਕਰਨ ਦਾ ਨਵਾਂ ਪ੍ਰਸਤਾਵ, ਕੰਟਰੈਕਟ ਮੈਰਿਜ ਦਾ ਬਾਜ਼ਾਰ ਹੋਵੇਗਾ ਬੰਦ




(ਪੰਜਾਬ ਸਟਾਰ ਬਿਓਰੋ): ਪਹਿਲਾਂ ਦੇ ਨਿਯਮਾਂ ਮੁਤਾਬਕ ਜੇਕਰ ਮੇਨ ਅਪਲੀਕੈਂਟ ਕੈਨੇਡਾ ਵਿੱਚ ਪੜ੍ਹ ਰਿਹਾ ਸੀ ਜਾਂ ਕੰਮ ਕਰ ਰਿਹਾ ਸੀ, ਤਾਂ ਭਾਰਤ ਤੋਂ ਵੀਜ਼ਾ ਅਪਲਾਈ ਕਰਦੇ ਸਮੇਂ ਉਨ੍ਹਾਂ ਦੇ ਪਾਰਟਨਰ ਨੂੰ ਕਿਸੇ ਲੈਂਗੂਏਜ ਸਰਟੀਫਿਕੇਟ ਦੀ ਲੋੜ ਨਹੀਂ ਹੁੰਦੀ ਸੀ, ਜਿਸ ਦਾ ਫਾਇਦਾ ਚੁੱਕ ਕੇ ਵੱਡੀ ਗਿਣਤੀ ਵਿੱਚ ਲੋਕ ਦਿਖਾਵੇ ਦੇ ਵਿਆਹ ਕਰਕੇ ਕੈਨੇਡਾ ਚਲੇ ਜਾਂਦੇ ਸਨ। ਪਰ ਹੁਣ ਨਵੇਂ ਬਦਲਾਅ ਤੋਂ ਬਾਅਦ, ਕੈਨੇਡਾ ਦਾ ਸਪਾਊਸ ਓਪਨ ਵਰਕ ਪਰਮਿਟ (SOWP) ਸਿਰਫ਼ ਉੱਚ-ਹੁਨਰਮੰਦ ਡਿਗਰੀਆਂ, ਮਾਸਟਰਜ਼, ਪੀਐਚਡੀ ਜਾਂ ਮੈਡੀਕਲ ਤੇ ਇੰਜੀਨੀਅਰਿੰਗ ਵਰਗੇ ਪ੍ਰੋਫੈਸ਼ਨਲ ਕੋਰਸ ਕਰਨ ਵਾਲੇ ਸਟੂਡੈਂਟਸ ਦੇ ਜੀਵਨ ਸਾਥੀਆਂ 'ਤੇ ਹੀ ਲਾਗੂ ਹੁੰਦਾ ਹੈ। ਰੈਗੂਲੇਟਰੀ ਕਾਲਜਾਂ ਤੋਂ ਨੋਰਮਲ ਡਿਪਲੋਮਾ, ਸਰਟੀਫਿਕੇਟ ਜਾਂ ਬੈਚਲਰ ਡਿਗਰੀ ਕਰਨ ਵਾਲੇ ਹੁਣ ਆਪਣੇ ਪਾਰਟਨਰ ਨੂੰ ਬੁਲਾਉਣ ਲਈ ਐਲੀਜੀਬਲ (Eligible) ਨਹੀਂ ਹੋਣਗੇ, ਭਾਵੇਂ ਉਨ੍ਹਾਂ ਨੇ ਆਈਲੈਟਸ ਪਾਸ ਵੀ ਕਿਉਂ ਨਾ ਕੀਤੀ ਹੋਵੇ। ਇਸੇ ਤਰ੍ਹਾਂ ਜਿਹੜੇ ਲੋਕ ਕੈਨੇਡਾ ਵਿੱਚ ਜੌਬ ਕਰ ਰਹੇ ਹਨ, ਉਹ ਆਪਣੇ ਪਾਰਟਨਰ ਨੂੰ ਤਾਂ ਹੀ ਬੁਲਾ ਸਕਣਗੇ ਜੇਕਰ ਉਹ ਹੈਲਥਕੇਅਰ, ਆਈਟੀ ਜਾਂ ਹੋਰ ਹਾਈ-ਸਕਿੱਲਡ ਕੈਟਾਗਰੀਜ਼ ਵਿੱਚ ਹੋਣਗੇ ਅਤੇ ਉਨ੍ਹਾਂ ਦੇ ਵਰਕ ਪਰਮਿਟ ਵਿੱਚ ਘੱਟੋ-ਘੱਟ 16 ਮਹੀਨੇ ਦਾ ਸਮਾਂ ਬਾਕੀ ਹੋਵੇਗਾ।

ਇਸ ਨਵੇਂ ਨਿਯਮ ਦੇ ਤਹਿਤ ਭਾਸ਼ਾ ਦਾ ਇਹ ਟੈਸਟ ਸਿਰਫ਼ ਭਾਰਤ ਤੋਂ ਵਰਕ ਪਰਮਿਟ ਅਪਲਾਈ ਕਰਨ ਵਾਲੇ ਪਾਰਟਨਰ * ਬਾਕੀ ਸਫ਼ਾ 2 'ਤੇ

## ਚੀਨ 'ਚ ਮੀਂਹ ਅਤੇ ਹੜ੍ਹ ਨੇ ਮਚਾਈ ਤਬਾਹੀ

### 12 ਲੋਕਾਂ ਦੀ ਮੌਤ, ਹਜ਼ਾਰਾਂ ਲੋਕ ਘਰ ਛੱਡਣ ਲਈ ਮਜ਼ਬੂਰ



ਚੀਨ, (ਪੰਜਾਬ ਸਟਾਰ ਬਿਓਰੋ): ਇਸ ਹਫ਼ਤੇ ਚੀਨ ਦੇ ਕੁਝ ਹਿੱਸਿਆਂ ਵਿੱਚ ਭਾਰੀ ਮੀਂਹ ਅਤੇ ਹੜ੍ਹ ਆਏ ਹਨ। ਇਸ 'ਚ ਘੱਟੋ-ਘੱਟ 12 ਲੋਕਾਂ ਦੀ ਮੌਤ ਹੋ ਗਈ ਹੈ। ਇਸ ਦੇ ਨਾਲ ਹੀ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣਾ ਪਿਆ ਹੈ। ਰਾਜ ਦੇ ਪ੍ਰਸਾਰਕ ਸੀਸੀਟੀਵੀ ਨੇ ਬੁੱਧਵਾਰ ਨੂੰ ਕਿਹਾ ਕਿ ਮੱਧ ਚੀਨ ਦੇ ਹੁਨਾਨ ਸੂਬੇ ਵਿੱਚ ਸ਼ਿਮੇਨ ਕਾਉਂਟੀ ਵਿੱਚ ਭਾਰੀ ਮੀਂਹ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ ਹੈ। ਇਸ ਦੇ ਨਾਲ ਹੀ 11 ਲੋਕ ਲਾਪਤਾ ਹਨ। ਬਚਾਅ ਕਾਰਜ ਜਾਰੀ ਹੈ। * ਬਾਕੀ ਸਫ਼ਾ 2 'ਤੇ

## ਕਾਂਗੋ 'ਚ ਇਬੋਲਾ ਵਾਇਰਸ ਦੀ ਲਾਗ ਕਾਰਨ 131 ਲੋਕਾਂ ਦੀ ਮੌਤ

### 513 ਸ਼ੱਕੀ ਮਾਮਲੇ: ਸਿਹਤ ਮੰਤਰਾਲਾ



ਕਾਂਗੋ, (ਪੰਜਾਬ ਸਟਾਰ ਬਿਓਰੋ): ਪੂਰਬੀ ਕਾਂਗੋ ਵਿੱਚ ਈਬੋਲਾ ਵਾਇਰਸ ਦੇ ਪ੍ਰਕੋਪ ਵਿੱਚ ਘੱਟੋ-ਘੱਟ 131 ਲੋਕਾਂ ਦੀ ਮੌਤ ਹੋ ਗਈ ਹੈ ਅਤੇ 500 ਤੋਂ ਵੱਧ ਸ਼ੱਕੀ ਮਾਮਲੇ ਸਾਹਮਣੇ ਆਏ ਹਨ, ਕਾਂਗੋ ਦੇ ਸਿਹਤ ਮੰਤਰਾਲੇ ਨੇ ਮੰਗਲਵਾਰ ਨੂੰ ਐਲਾਨ ਕੀਤਾ। ਇਸ ਤੋਂ ਇਲਾਵਾ, ਈਬੋਲਾ ਵਾਇਰਸ ਪ੍ਰਤੀ ਸਰਕਾਰ ਦੇ ਜਵਾਬ ਵਿੱਚ ਦੇਰੀ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ।

ਜਨਤਕ ਸਿਹਤ ਮੰਤਰੀ ਸੈਮੂਅਲ ਰੋਜਰ ਕਾਂਬਾ ਨੇ ਕਿਹਾ, "ਪ੍ਰਭਾਵਿਤ ਖੇਤਰਾਂ ਵਿੱਚ ਲਾਗ ਕਾਰਨ 513 ਸ਼ੱਕੀ ਮਾਮਲੇ ਅਤੇ 131 ਮੌਤਾਂ ਹੋਈਆਂ ਹਨ।" ਉਨ੍ਹਾਂ ਅੱਗੇ ਕਿਹਾ, "ਇਹ ਸ਼ੱਕੀ ਮੌਤਾਂ ਹਨ, ਅਤੇ ਇਹ ਨਿਰਧਾਰਤ ਕਰਨ ਲਈ ਜਾਂਚ ਜਾਰੀ ਹੈ ਕਿ ਅਸਲ ਵਿੱਚ ਬਿਮਾਰੀ ਨਾਲ ਕਿਹੜੇ ਕਾਰਕ ਜੁੜੇ ਹੋਏ ਹਨ।"

ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਨੇ ਐਤਵਾਰ ਨੂੰ ਈਬੋਲਾ ਦੇ ਪ੍ਰਕੋਪ ਨੂੰ "ਅੰਤਰਰਾਸ਼ਟਰੀ ਚਿੰਤਾ ਦੀ ਜਨਤਕ ਸਿਹਤ ਐਮਰਜੈਂਸੀ" ਘੋਸ਼ਿਤ ਕੀਤਾ। ਸਿਹਤ ਅਧਿਕਾਰੀਆਂ ਨੇ ਕਿਹਾ ਕਿ ਮੌਜੂਦਾ ਪ੍ਰਕੋਪ, ਜਿਸਦੀ ਪੁਸ਼ਟੀ ਸ਼ੁੱਕਰਵਾਰ ਨੂੰ ਕੀਤੀ ਗਈ, ਈਬੋਲਾ ਵਾਇਰਸ ਦੇ "ਬੁੰਡੀਬੁੱਗਿਓ" ਰੂਪ ਕਾਰਨ ਹੋਇਆ ਹੈ। ਬੁੰਡੀਬੁੱਗਿਓ ਇਬੋਲਾ ਦਾ ਇੱਕ ਦੁਰਲੱਭ ਤਣਾਅ ਹੈ ਜਿਸ ਲਈ ਕੋਈ ਪ੍ਰਵਾਨਿਤ ਇਲਾਜ ਜਾਂ ਟੀਕਾ ਨਹੀਂ ਹੈ।

ਕਾਂਗੋ ਅਤੇ ਯੂਗਾਂਡਾ ਵਿੱਚ 20 ਤੋਂ ਵੱਧ ਇਬੋਲਾ ਫੈਲਣ ਦਾ ਅਨੁਭਵ ਹੋਇਆ ਹੈ, ਪਰ ਇਹ ਸਿਰਫ ਤੀਜੀ ਵਾਰ ਹੈ ਜਦੋਂ ਬੁੰਡੀਬੁਗਿਓ * ਬਾਕੀ ਸਫ਼ਾ 2 'ਤੇ

## ਅਮਰੀਕਾ 'ਚ 57 ਮਿਲੀਅਨ ਲੋਕਾਂ 'ਤੇ ਮੰਡਰਾਇਆ ਖ਼ਤਰਾ

### * 25 ਵਾਵਰੋਲਿਆਂ ਨੇ ਮਚਾਈ ਤਬਾਹੀ
### * ਮੋਟੇ-ਮੋਟੇ ਗੜਿਆਂ ਨੇ ਭੰਨ੍ਹ ਦਿਤੀਆਂ ਗੱਡੀਆਂ



ਲੰਕਨ, (ਪੰਜਾਬ ਸਟਾਰ ਬਿਓਰੋ): ਅਮਰੀਕਾ ਵਿਚ ਵਾਵਰੋਲਿਆਂ ਨੇ ਮੁੜ ਕਹਿਰ ਢਾਹੁੰਦਿਆਂ ਚਾਰ ਰਾਜਾਂ ਵਿਚ ਵਸਦੇ ਲੱਖਾਂ ਲੋਕਾਂ ਦੇ ਸਾਹ ਸੂਤ ਦਿਤੇ। ਨੇਬਰਾਸਕਾ, ਕੈਨਸਸ, ਆਇਓਵਾ ਅਤੇ ਮਿਨੇਸੋਟਾ ਵਿਖੇ ਘੱਟੋ ਘੱਟ 25 ਟੌਰਨੈਡੋਜ਼ ਨੇ ਤਬਾਹੀ ਮਚਾਈ ਅਤੇ ਮੌਸਮ ਵਿਭਾਗ ਵੱਲੋਂ 13 ਰਾਜਾਂ ਵਿਚ ਤੂਫ਼ਾਨ ਅਤੇ ਗੜੇਮਾਰੀ ਦੀ ਚਿਤਾਵਨੀ ਦਿਤੀ ਗਈ ਹੈ। ਨੇਬਰਾਸਕਾ ਦੀ ਹਾਵਰਡ ਕਾਊਂਟੀ ਵਿਚ ਵਾਵਰੋਲੇ ਨੇ ਕਈ ਘਰਾਂ ਦੀਆਂ ਛੱਤਾਂ ਉਡਾ ਦਿਤੀਆਂ ਅਤੇ ਗੱਡੀਆਂ ਮੂਧੀਆਂ ਵੱਜ ਗਈਆਂ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓਜ਼ ਵਿਚ ਵਾਵਰੋਲਿਆਂ ਦੀ ਤੀਬਰਤਾ ਸਾਫ਼ ਦੇਖੀ ਜਾ ਸਕਦੀ ਹੈ। ਕੈਨਸਸ ਦੇ ਪੂਰਬੀ ਹਿੱਸਿਆਂ ਅਤੇ ਨੇਬਰਾਸਕਾ ਦੇ ਦੱਖਣ ਪੂਰਬੀ ਇਲਾਕਿਆਂ ਵਿਚ 5 ਮਿਲੀਅਨ ਲੋਕਾਂ ਨੂੰ ਹੜ੍ਹਾਂ ਦੀ ਚਿਤਾਵਨੀ ਵੀ ਦਿਤੀ ਗਈ ਹੈ। ਮਜ਼ੂਰੀ ਦੇ ਕੁਝ ਇਲਾਕਿਆਂ ਵਿਚ 5 ਇੰਚ ਤੋਂ 7 ਇੰਚ ਤੱਕ ਮੀਂਹ ਪੈਣ ਦੀ ਰਿਪੋਰਟ ਹੈ ਜਦਕਿ ਨੇਬਰਾਸਕਾ ਵਿਚ 4 ਇੰਚ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਗਈ ਹੈ।

ਕੈਨਸਸ ਵਿਖੇ ਟੌਰਨੈਡੋ ਦਾ ਪਿੱਛਾ ਕਰ ਰਹੀ ਟੀਮ ਮੁਸ਼ਕਲਾਂ ਵਿਚ ਘਿਰ ਗਈ ਜਦੋਂ ਮਿਲਟਨਵੇਲ ਵਿਖੇ ਇਕ ਹੋਰ ਟੌਰਨੈਡੋ ਉਠਦਾ ਨਜ਼ਰ ਆਇਆ। ਅਮਰੀਕਾ ਦੇ ਮੈਦਾਨੀ ਰਾਜਾਂ ਵਿਚ ਗਰਮ ਮੌਸਮ ਦੌਰਾਨ ਉਠਣ ਵਾਲੇ ਵਾਵਰੋਲਿਆਂ ਕਰ ਕੇ ਹਵਾ ਦੀ ਰਫ਼ਤਾਰ 200 ਮੀਲ ਪ੍ਰਤੀ ਘੰਟਾ ਤੋਂ ਟੱਪ ਜਾਂਦੀ ਹੈ ਅਤੇ ਰਾਹ ਵਿਚ ਆਉਣ ਵਾਲੀ ਵਜ਼ਨੀ ਤੋਂ ਵਜ਼ਨੀ ਚੀਜ਼ ਵੀ ਨਹੀਂ ਬਚਦੀ। ਕਈ ਮੌਕਿਆਂ ਦੀ ਟੌਰਨੈਡੋਜ਼ ਜ਼ਿਆਦਾ ਖ਼ਤਰਨਾਕ ਨਹੀਂ ਹੁੰਦੇ ਅਤੇ ਹਵਾ ਦੀ * ਬਾਕੀ ਸਫ਼ਾ 2 'ਤੇ

## ਮੈਕਸੀਕੋ 'ਚ ਅੰਨ੍ਹੇਵਾਹ ਫਾਇਰਿੰਗ!

### ਤਿੰਨ ਔਰਤਾਂ ਤੇ ਇੱਕ ਬੱਚੇ ਸਣੇ 10 ਦੀ ਮੌਤ



ਮੈਕਸੀਕੋ ਸਿਟੀ, (ਪੰਜਾਬ ਸਟਾਰ ਬਿਓਰੋ): ਲੈਟਿਨ ਅਮਰੀਕੀ ਦੇਸ਼ ਮੈਕਸੀਕੋ ਵਿੱਚ ਗੈਂਗਵਾਰ ਅਤੇ ਹਿੰਸਾ ਦਾ ਦੌਰ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਮੈਕਸੀਕੋ ਦੇ ਮੱਧ ਹਿੱਸੇ ਵਿੱਚ ਸਥਿਤ ਪਿਊਬਲਾ ਰਾਜ ਤੋਂ ਇੱਕ ਬੇਹੱਦ ਦਿਲ ਕੰਬਾਊ ਵਾਰਦਾਤ ਸਾਹਮਣੇ ਆਈ ਹੈ। ਇੱਥੇ ਪਿਊਬਲਾ ਵਿੱਚ ਹਥਿਆਰਬੰਦ ਵਿਅਕਤੀ ਨੇ * ਬਾਕੀ ਸਫ਼ਾ 2 'ਤੇ

## ਸੁਪਰੀਮ ਕੋਰਟ ਦੀ ਸਖ਼ਤੀ ਤੋਂ ਬਾਅਦ ਵੱਡਾ ਫ਼ੈਸਲਾ:

### ਇਸ ਸੂਬੇ 'ਚ 1 ਜੂਨ ਤੋਂ ਲਾਗੂ ਹੋਵੇਗਾ 'ਆਨੰਦ ਮੈਰਿਜ ਐਕਟ'



ਨਵੀਂ ਦਿੱਲੀ, (ਪੰਜਾਬ ਸਟਾਰ ਬਿਓਰੋ): ਸੁਪਰੀਮ ਕੋਰਟ ਦੇ ਸਖ਼ਤ ਰੁਖ਼ ਤੋਂ ਬਾਅਦ ਸਿੱਖ ਭਾਈਚਾਰੇ ਲਈ ਇੱਕ ਅਹਿਮ ਖ਼ਬਰ ਸਾਹਮਣੇ ਆਈ ਹੈ। ਸਿੱਕਮ ਵਿੱਚ ਆਉਂਦੀ 1 ਜੂਨ ਤੋਂ ਇਤਿਹਾਸਕ 'ਆਨੰਦ ਮੈਰਿਜ ਐਕਟ' ਲਾਗੂ ਹੋਣ ਜਾ ਰਿਹਾ ਹੈ। ਇਹ ਕਾਨੂੰਨ ਸਿੱਖ ਜੋੜਿਆਂ ਨੂੰ ਹਿੰਦੂ ਮੈਰਿਜ ਐਕਟ ਦੀ ਬਜਾਏ ਆਪਣੇ ਖ਼ਾਸ ਕਾਨੂੰਨੀ ਢਾਂਚੇ ਤਹਿਤ ਰਵਾਇਤੀ 'ਆਨੰਦ ਕਾਰਜ' ਰਸਮਾਂ ਮੁਤਾਬਕ ਕੀਤੇ ਗਏ ਵਿਆਹਾਂ ਨੂੰ ਸਿੱਧੇ ਤੌਰ 'ਤੇ ਰਜਿਸਟਰ ਕਰਾਉਣ ਦੀ ਇਜਾਜ਼ਤ ਅਤੇ ਕਾਨੂੰਨੀ ਮਾਨਤਾ ਦਿੰਦਾ ਹੈ।

ਕੇਂਦਰੀ ਕਾਨੂੰਨ ਮੰਤਰਾਲੇ ਵੱਲੋਂ 14 ਮਈ ਨੂੰ ਜਾਰੀ ਕੀਤੇ ਗਏ ਅਧਿਕਾਰਤ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ, "ਕੇਂਦਰ ਸਰਕਾਰ 1 ਜੂਨ, 2026 ਨੂੰ ਉਸ ਤਰੀਕ ਵਜੋਂ ਤੈਅ ਕਰਦੀ ਹੈ ਜਿਸ ਦਿਨ ਤੋਂ * ਬਾਕੀ ਸਫ਼ਾ 2 'ਤੇ

## ਕੈਨੇਡਾ ਏਅਰਪੋਰਟ 'ਤੇ ਵੱਡਾ ਸਕੈਮ: ਨਸ਼ਾ ਤਸਕਰ ਬਦਲ ਰਹੇ ਸਮਾਨ ਦਾ ਟੈਗ

### ਬੇਗੁਨਾਹ ਮੁਸਾਫ਼ਰਾਂ ਨੂੰ ਬਣਾਇਆ ਹਥਿਆਰ



ਬਰੈਂਪਟਨ, (ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਵੱਡੇ ਹਵਾਈ ਅੱਡਿਆਂ, ਖ਼ਾਸ ਕਰਕੇ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ, ਇੱਕ ਬੇਹੱਦ ਖ਼ਤਰਨਾਕ ਅਤੇ ਚਲਾਕੀ ਭਰਪੂਰ ਨਸ਼ਾ ਤਸਕਰੀ ਦਾ ਰੈਕਟ ਬੇਨਕਾਬ ਹੋਇਆ ਹੈ। ਮੀਡੀਆ ਦੀ ਜਾਂਚ ਇਕਾਈ W-5 ਦੀ ਰਿਪੋਰਟ ਮੁਤਾਬਕ, ਹਵਾਈ ਅੱਡੇ ਦੇ ਕੁਝ ਭ੍ਰਿਸ਼ਟ ਕਰਮਚਾਰੀ ਆਮ ਅਤੇ ਬੇਗੁਨਾਹ ਯਾਤਰੀਆਂ ਦੇ ਅਸਲੀ ਬੈਗਾਂ ਤੋਂ ਸੁਰੱਖਿਆ ਟੈਗ ਹਟਾ ਕੇ, ਉਨ੍ਹਾਂ ਨੂੰ ਨਸ਼ੀਲੇ ਪਦਾਰਥਾਂ ਨਾਲ ਭਰੇ ਸੂਟਕੇਸਾਂ 'ਤੇ ਲਗਾ ਦਿੰਦੇ ਸਨ। ਇਹ ਨਸ਼ਿਆਂ ਵਾਲੇ ਬੈਗ ਫਿਰ ਵਿਦੇਸ਼ੀ ਮੰਜ਼ਿਲਾਂ ਵੱਲ ਭੇਜੇ ਜਾਂਦੇ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਟੋਰਾਂਟੋ ਏਅਰਪੋਰਟ 'ਤੇ ਕਰੀਬ 3,000 ਸੀਸੀਟੀਵੀ ਕੈਮਰੇ ਲੱਗੇ ਹੋਣ ਦੇ ਬਾਵਜੂਦ ਇਹ ਗੋਰਖਧੰਦਾ ਬੇਖ਼ੌਫ਼ ਚੱਲ ਰਿਹਾ ਸੀ, ਜਿਸ ਨੇ ਕੈਨੇਡੀਅਨ ਹਵਾਈ ਅੱਡਿਆਂ ਵਿੱਚ ਸਰਗਰਮ ਸੰਗਠਿਤ ਅਪਰਾਧਿਕ ਗਿਰੋਹਾਂ ਦੀ ਪਹੁੰਚ ਬਾਰੇ ਗੰਭੀਰ ਚਿੰਤਾਵਾਂ ਖੜ੍ਹੀਆਂ ਕਰ ਦਿੱਤੀਆਂ ਹਨ।

**ਕੈਨੇਡਾ ਏਅਰਪੋਰਟ ਸਕੈਮ: ਬੇਗੁਨਾਹ ਯਾਤਰੀਆਂ ਨੂੰ ਫਸਾਉਣ ਦਾ ਖਾਸ ਤਰੀਕਾ**

ਇਸ ਗਿਰੋਹ ਦੇ ਕੰਮ ਕਰਨ ਦਾ ਤਰੀਕਾ (Modus Operandi) ਬਹੁਤ ਹੀ ਸ਼ਾਤਿਰਾਨਾ ਸੀ। ਹਵਾਈ ਅੱਡੇ 'ਤੇ ਤਾਇਨਾਤ ਇੱਕ ਭ੍ਰਿਸ਼ਟ ਬੈਗੇਜ ਹੈਂਡਲਰ ਜਾਂ ਰੈਂਪ ਵਰਕਰ ਕਿਸੇ ਸਧਾਰਨ ਯਾਤਰੀ ਦੇ ਚੈੱਕ-ਇਨ ਕੀਤੇ ਬੈਗ ਤੋਂ ਅਸਲੀ ਬਾਰਕੋਡ ਵਾਲਾ ਟੈਗ ਉਤਾਰ ਲੈਂਦਾ ਸੀ ਅਤੇ ਉਸ ਨੂੰ ਤਸਕਰੀ ਵਾਲੇ ਨਸ਼ੇ ਦੇ ਬੈਗ 'ਤੇ ਚਿਪਕਾ ਦਿੰਦਾ ਸੀ। ਜੇਕਰ ਉਹ ਨਸ਼ੇ ਵਾਲਾ ਬੈਗ ਅਗਲੇ ਦੇਸ਼ ਦੀ ਕਸਟਮ ਜਾਂਚ ਤੋਂ ਬਚ ਕੇ ਨਿਕਲ ਜਾਂਦਾ, ਤਾਂ ਉੱਥੇ ਮੌਜੂਦ ਗਿਰੋਹ ਦੇ ਮੈਂਬਰ ਉਸ ਨੂੰ ਹਾਸਲ ਕਰ ਲੈਂਦੇ ਸਨ। ਪਰ ਜੇਕਰ ਬੈਗ ਫੜਿਆ ਜਾਂਦਾ, ਤਾਂ ਟੈਗ 'ਤੇ ਦਰਜ ਨਾਮ ਕਾਰਨ ਉਹ ਬੇਗੁਨਾਹ ਯਾਤਰੀ ਹੀ ਮੁੱਖ ਦੋਸ਼ੀ ਬਣ ਜਾਂਦਾ ਸੀ। ਇਸ ਸਬੰਧੀ ਕਾਰਵਾਈ * ਬਾਕੀ ਸਫ਼ਾ 2 'ਤੇ






**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**

ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

ਹੁਣੇ ਹੀ ਕਾਲ ਕਰੋ

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

Late Evening and Weekends Appointments Available



Jasbir Singh Hundal
Registered Credit Counsellor

www.MakeMeDebtFree.ca 416-502-3100 1888-864-3131

Unit #20 - 7015 Tranmere Drive, Mississauga, ON, L5S 1T7



**BRAR TAMBER RIGBY**
PERSONAL INJURY LAWYERS

We Help Get You the Compensation You Deserve

Book a free consultation:
1-833-BRAR-LAW

**PERSONAL INJURY**

- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# UAE 'ਤੇ ਹੋਇਆ ਮੁੜ ਹਮਲਾ

## ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਦੇ ਦਿੱਤੀ ਚੇਤਾਵਨੀ



ਟਰੰਪ ਨੇ ਵੀ ਈਰਾਨ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਸੀ ਕਿ ਸਮਾਂ ਤੇਜ਼ੀ ਨਲਾ ਲੰਘ ਰਿਹਾ ਹੈ ਤੇ ਜੇਕਰ ਉਸ ਨੇ ਜਲਦੀ ਸਮਝੌਤਾ ਨਹੀਂ ਕੀਤਾ ਤਾਂ ਕੁਝ ਨਹੀਂ ਬਚੇਗਾ। ਅਮਰੀਕਾ ਨੇ ਈਰਾਨ ਦੇ ਨਾਲ ਸ਼ਾਂਤੀ ਪ੍ਰਕਿਰਿਆ ਅੱਗੇ ਵਧਾਉਣ ਲਈ 5 ਸ਼ਰਤਾਂ ਰੱਖੀਆਂ ਹਨ, ਜਿਸ ਵਿਚ ਯੂਰੇਨੀਅਮ ਨੂੰ ਵਾਸ਼ਿੰਗਟਨ ਟਰਾਂਸਫਰ ਕਰਨਾ ਤੇ ਪ੍ਰਮਾਣੂ ਪ੍ਰੋਗਰਾਮ 'ਤੇ ਸੀਮਾਵਾਂ ਲਗਾਉਣਾ ਸ਼ਾਮਲ ਹੈ। ਅਮਰੀਕਾ ਈਰਾਨ ਨੂੰ ਬੰਬਾਰੀ ਨਾਲ ਹੋਏ ਨੁਕਸਾਨ ਦਾ ਕੋਈ ਮੁਆਵਜ਼ਾ ਨਹੀਂ ਦੇਵੇਗਾ। ਨਾਲ ਹੀ ਉਨ੍ਹਾਂ ਤੋਂ ਮੰਗ ਹੈ ਕਿ ਈਰਾਨ ਆਪਣੇ 400 ਕਿਲੋਗ੍ਰਾਮ ਐਨਰਿਚਡ ਯੂਰੇਨੀਅਮ ਨੂੰ ਅਮਰੀਕਾ ਨੂੰ ਸੌਂਪੇ। ਅਮਰੀਕਾ ਵੱਲੋਂ ਇਕ ਹੋਰ ਸ਼ਰਤ ਇਹ ਵੀ ਦੱਸੀ ਗਈ ਹੈ ਕਿ ਈਰਾਨ ਵਿਚ ਸਿਰਫ ਇਕ ਪ੍ਰਮਾਣੂ ਸੈਂਟਰ ਹੀ ਚਾਲੂ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਮਰੀਕਾ, ਈਰਾਨ ਦੀ ਫ੍ਰੀਜ਼ ਹੋਈ ਵਿਦੇਸ਼ੀ ਜਾਇਦਾਦਾਂ ਵਿਚੋਂ 25 ਫੀਸਦੀ ਤੋਂ ਵਧ ਰਕਮ ਜਾਰੀ ਕਰਨ ਦੇ ਪੱਖ ਵਿਚ ਨਹੀਂ ਹੈ। ਰਿਪੋਰਟ ਮੁਤਾਬਕ ਵਾਸ਼ਿੰਗਟਨ ਚਾਹੁੰਦਾ ਹੈ ਕਿ ਲਿਬਨਾਨ ਸਣੇ ਸਾਰੇ ਮੋਰਚਿਆਂ 'ਤੇ ਯੁੱਧ ਖਤਮ ਕਰਨ ਦਾ ਮੁੱਦਾ ਗੱਲਬਾਤ ਜ਼ਰੀਏ ਹੱਲ ਕੀਤਾ ਜਾਵੇ। ਹਾਲਾਂਕਿ ਇਨ੍ਹਾਂ ਸ਼ਰਤਾਂ 'ਤੇ ਹੁਣ ਤੱਕ ਅਮਰੀਕਾ ਜਾਂ ਈਰਾਨ ਵੱਲੋਂ ਅਧਿਕਾਰਕ ਪੁਸ਼ਟੀ ਨਹੀਂ ਹੋਈ ਹੈ। ਇਸ ਵਿਚ ਈਰਾਨ ਨੇ ਅਮਰੀਕਾ ਨੂੰ ਹੋਰਮੁਜ਼ ਦੀ ਨਾਕਾਬੰਦੀ ਖਤਮ ਕਰਨ ਨੂੰ ਕਿਹਾ ਹੈ। ਅਜਿਹਾ ਨਾ ਕਰਨ 'ਤੇ ਓਮਾਨ ਸਾਗਰ ਨੂੰ ਅਮਰੀਕੀ ਫੌਜ ਦੀ ਕਬਰਗਾਹ ਬਣਾਉਣ ਦੀ ਧਮਕੀ ਦਿੱਤੀ ਹੈ। ਅਮਰੀਕਾ ਤੇ ਇਜ਼ਰਾਈਲ ਈਰਾਨ 'ਤੇ ਨਵੇਂ ਹਮਲਿਆਂ ਦੇ ਫੌਜੀ ਬਦਲਾਂ 'ਤੇ ਚਰਚਾ ਕਰ ਰਹੇ ਹਨ। ਦੱਸ ਦੇਈਏ ਕਿ ਦੋਵਾਂ ਦੇਸ਼ਾਂ ਵਿਚਾਲੇ ਵਧਦੇ ਤਣਾਅ ਕਰਕਨ ਤੇਲ ਦੀਆਂ ਕੀਮਤਾਂ ਕਾਫੀ ਤੇਜ਼ੀ ਨਾਲ ਵਧ ਰਹੀਆਂ ਹਨ ਜਿਸ ਕਰਕੇ ਦੁਨੀਆ ਭਰ ਦੀ ਅਰਥਵਿਵਸਥਾ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ। ਟਰੰਪ ਦਾ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਤੇ ਈਰਾਨ ਵਿਚ ਪ੍ਰਮਾਣੂ ਪ੍ਰੋਗਰਾਮ, ਰੋਕ ਤੇ ਯੁੱਧ ਮੁਆਵਜ਼ੇ ਨੂੰ ਲੈ ਕੇ ਗੱਲਬਾਤ ਫਿਰ ਤੋਂ ਲਟਕ ਗਈ ਹੈ।

# ਅਮਰੀਕਾ 'ਚ ਗ੍ਰੀਨ ਕਾਰਡ ਹੋਲਡਰਾਂ 'ਤੇ ਵੱਡੀ ਕਾਰਵਾਈ!

## 50 ਲੋਕਾਂ ਨੂੰ ਡਿਪੋਰਟ ਕਰਨ ਦੀ ਤਿਆਰੀ, ਜਾਣੋ ਕਿੰਨੀ ਲੰਬੀ ਹੈ ਲਿਸਟ



ਵਾਸ਼ਿੰਗਟਨ: ਅਮਰੀਕਾ ਵਿੱਚ ਗ੍ਰੀਨ ਕਾਰਡ ਹੋਲਡਰਾਂ ਲਈ ਚਿੰਤਾ ਵਧਾਉਣ ਵਾਲੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਹੋਮਲੈਂਡ ਸਿਕਿਉਰਿਟੀ ਡਿਪਾਰਟਮੈਂਟ ਨੇ ਹੁਣ ਹਜ਼ਾਰਾਂ ਗ੍ਰੀਨ ਕਾਰਡ ਧਾਰਕਾਂ ਦੇ ਕੇਸਾਂ ਦੀ ਮੁੜ ਜਾਂਚ ਸ਼ੁਰੂ ਕਰ ਦਿੱਤੀ ਹੈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਸਰਕਾਰ ਘੱਟੋ-ਘੱਟ 50 ਕਾਨੂੰਨੀ ਸਥਾਈ ਨਿਵਾਸੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਕਰ ਰਹੀ ਹੈ।

ਗ੍ਰੀਨ ਕਾਰਡ ਹੋਲਡਰਾਂ ਦੀ ਮੁੜ ਜਾਂਚ ਕਿਉਂ?

ਇਹ ਪੂਰੀ ਕਾਰਵਾਈ USCIS ਯਾਨੀ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸਰਵਿਸਜ਼ ਦੇ ਇੱਕ ਨਵੇਂ ਡਿਵੀਜ਼ਨ ਵੱਲੋਂ ਕੀਤੀ ਜਾ ਰਹੀ ਹੈ, ਜਿਸਨੂੰ "ਟੈਕਟਿਕਲ ਓਪਰੇਸ਼ਨਜ਼ ਡਿਵੀਜ਼ਨ" ਕਿਹਾ ਜਾਂਦਾ ਹੈ। ਇਸ ਵਿੱਚ "LPR Operations", "Denaturalisation" ਅਤੇ "Refugee Revetting" ਵਰਗੀਆਂ ਟੀਮਾਂ ਸ਼ਾਮਲ ਹਨ। LPR ਦਾ ਮਤਲਬ Lawful Permanent Resident ਯਾਨੀ ਗ੍ਰੀਨ ਕਾਰਡ ਹੋਲਡਰ ਹੁੰਦਾ ਹੈ।

ਰਿਪੋਰਟ ਮੁਤਾਬਕ ਅਧਿਕਾਰੀ ਪੁਰਾਣੇ ਇਮੀਗ੍ਰੇਸ਼ਨ ਦਸਤਾਵੇਜ਼, ਅਪਰਾਧਿਕ ਰਿਕਾਰਡ ਅਤੇ ਹੋਰ ਜਾਣਕਾਰੀਆਂ ਦੀ ਜਾਂਚ ਕਰ ਰਹੇ ਹਨ ਤਾਂ ਜੋ ਇਹ ਪਤਾ ਲੱਗ ਸਕੇ ਕਿ ਕਿਸੇ ਨੇ ਧੋਖਾਧੜੀ ਕੀਤੀ ਸੀ ਜਾਂ ਨਹੀਂ। ਕਿਹਾ ਜਾ ਰਿਹਾ ਹੈ ਕਿ ਹਜ਼ਾਰਾਂ ਹੋਰ ਲੋਕਾਂ ਦੇ ਕੇਸ ਵੀ ਜਾਂਚ ਲਈ ਚੁਣੇ ਜਾ ਚੁੱਕੇ ਹਨ।

ਕਿਹੜੇ ਮਾਮਲਿਆਂ 'ਚ ਹੋ ਸਕਦੀ ਹੈ ਕਾਰਵਾਈ?

USCIS ਦੇ ਬੁਲਾਰੇ ਜੈਕ ਕਾਹਲਰ ਨੇ ਕਿਹਾ ਕਿ ਏਜੰਸੀ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਲਈ ਸਖਤ ਸਕ੍ਰੀਨਿੰਗ ਕਰ ਰਹੀ ਹੈ। ਉਨ੍ਹਾਂ ਮੁਤਾਬਕ, ਕੁਝ ਲੋਕਾਂ 'ਤੇ ਘਰੇਲੂ ਹਿੰਸਾ, ਨਸ਼ਿਆਂ ਨਾਲ ਜੁੜੇ ਕੇਸ, ਸ਼ਰਾਬ ਪੀ ਕੇ ਗੱਡੀ ਚਲਾਉਣ ਅਤੇ ਹੋਰ ਅਪਰਾਧਾਂ ਦੇ ਦੋਸ਼ ਹਨ। ਕੁਝ ਲੋਕਾਂ 'ਤੇ ਇਮੀਗ੍ਰੇਸ਼ਨ ਦੌਰਾਨ ਝੂਠੀ ਜਾਣਕਾਰੀ ਦੇਣ ਦੇ ਵੀ ਦੋਸ਼ ਹਨ।

ਹਾਲਾਂਕਿ ਹੁਣ ਤੱਕ ਜਾਂਚੇ ਗਏ ਜ਼ਿਆਦਾਤਰ ਕੇਸਾਂ ਵਿੱਚ ਕੋਈ ਕਾਰਵਾਈ ਦੀ ਲੋੜ ਨਹੀਂ ਮੰਨੀ ਗਈ। 2,890 ਕੇਸਾਂ ਵਿੱਚੋਂ ਲਗਭਗ 80 ਫੀਸਦੀ ਨੂੰ "No Further Action" ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਪਰ 500 ਤੋਂ ਵੱਧ ਕੇਸਾਂ ਦੀ ਜਾਂਚ ਜਾਰੀ ਹੈ।

ਮਾਹਰਾਂ ਨੇ ਚੁੱਕੇ ਸਵਾਲ

ਕੁਝ ਸਾਬਕਾ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਇਸ ਮੁਹਿੰਮ 'ਤੇ ਸਵਾਲ ਖੜੇ ਕੀਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ USCIS ਪਹਿਲਾਂ ਹੀ ਲੱਖਾਂ ਪੈਂਡਿੰਗ ਅਰਜ਼ੀਆਂ ਦੇ ਬੋਝ ਹੇਠ ਹੈ ਅਤੇ ਅਜਿਹੇ ਵਿੱਚ ਪੁਰਾਣੇ ਮਨਜ਼ੂਰਸ਼ੁਦਾ ਕੇਸਾਂ ਦੀ ਮੁੜ ਜਾਂਚ ਕਰਨਾ ਸਰੋਤਾਂ ਦੀ ਸਹੀ ਵਰਤੋਂ ਨਹੀਂ ਹੈ।

ਕੀ ਗ੍ਰੀਨ ਕਾਰਡ ਹੋਣ ਦੇ ਬਾਵਜੂਦ ਡਿਪੋਰਟ ਕੀਤਾ ਜਾ ਸਕਦਾ ਹੈ?

ਅਮਰੀਕੀ ਕਾਨੂੰਨ ਮੁਤਾਬਕ, ਗੰਭੀਰ ਅਪਰਾਧ ਜਾਂ ਇਮੀਗ੍ਰੇਸ਼ਨ ਧੋਖਾਧੜੀ ਦੇ ਮਾਮਲਿਆਂ ਵਿੱਚ ਗ੍ਰੀਨ ਕਾਰਡ ਹੋਲਡਰ ਵੀ ਆਪਣਾ ਦਰਜਾ ਗੁਆ ਸਕਦੇ ਹਨ। ਹਾਲਾਂਕਿ ਡਿਪੋਰਟੇਸ਼ਨ ਆਪਣੇ ਆਪ ਨਹੀਂ ਹੁੰਦੀ। ਅਜਿਹੇ ਲੋਕਾਂ ਨੂੰ ਇਮੀਗ੍ਰੇਸ਼ਨ ਜੱਜ ਅੱਗੇ ਆਪਣਾ ਪੱਖ ਰੱਖਣ ਦਾ ਮੌਕਾ ਮਿਲਦਾ ਹੈ।

ਇਸ ਨਵੀਂ ਕਾਰਵਾਈ ਨੂੰ ਟਰੰਪ ਪ੍ਰਸ਼ਾਸਨ ਦੀ ਵੱਡੀ ਇਮੀਗ੍ਰੇਸ਼ਨ ਸਖ਼ਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ, ਜਿਸ ਨਾਲ ਕਈ ਸਾਲਾਂ ਤੋਂ ਕਾਨੂੰਨੀ ਤੌਰ 'ਤੇ ਰਹਿ ਰਹੇ ਪਰਵਾਸੀਆਂ ਵਿੱਚ ਵੀ ਚਿੰਤਾ ਵਧ ਗਈ ਹੈ।

# ਪੇਜ ਇੱਕ ਦੀ ਬਾਕੀ

## ਕੈਨੇਡਾ ਆਉਣ...

ਨੂੰ ਹੀ ਦੇਣਾ ਪਵੇਗਾ, ਜਦਕਿ ਕੈਨੇਡਾ ਵਿੱਚ ਪਹਿਲਾਂ ਤੋਂ ਰਹਿ ਰਹੇ ਸਾਥੀ ਲਈ ਇਹ ਜ਼ਰੂਰੀ ਨਹੀਂ ਹੋਵੇਗਾ। ਬਿਨੈਕਾਰ ਆਪਣੇ ਦੇਸ਼ ਵਿੱਚ ਹੀ ਇਹ ਟੈਸਟ ਦੇ ਸਕਦੇ ਹਨ, ਜਿੱਥੇ ਜਨਰਲ ਨੌਕਰੀਆਂ ਲਈ CLB 5 ਅਤੇ ਹੁਨਰਮੰਦ ਕੰਮਾਂ ਲਈ CLB 7 ਸਕੋਰ ਦੀ ਲੋੜ ਹੋ ਸਕਦੀ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਮਿਨਿਸਟਰ ਮਾਰਕ ਮਿਲਰ ਦਾ ਮੰਨਣਾ ਹੈ ਕਿ ਬੇਸਿਕ ਲੈਂਗੂਏਜ ਸਕਿੱਲਜ਼ ਨਾ ਹੋਣ ਕਾਰਨ ਇੰਟਰਨੈਸ਼ਨਲ ਮੋਬਿਲਿਟੀ ਪ੍ਰੋਗਰਾਮ (IMP) ਤਹਿਤ ਆਉਣ ਵਾਲੇ ਲੋਕਾਂ ਨੂੰ ਉੱਥੇ ਚੰਗੀਆਂ ਨੌਕਰੀਆਂ ਨਹੀਂ ਮਿਲਦੀਆਂ ਅਤੇ ਉਨ੍ਹਾਂ ਦੇ ਸ਼ੋਸ਼ਣ ਦਾ ਖਤਰਾ ਵੱਧ ਜਾਂਦਾ ਹੈ। ਇਹ ਨਵਾਂ ਕਾਨੂੰਨ ਕੰਮ ਵਾਲੀ ਥਾਂ ਦੀ ਸੁਰੱਖਿਆ ਵਧਾਏਗਾ ਅਤੇ ਫਰਜ਼ੀ ਵਿਆਹਾਂ 'ਤੇ ਲਗਾਮ ਲਗਾਏਗਾ। ਰਾਹਤ ਦੀ ਗੱਲ ਇਹ ਹੈ ਕਿ ਇਹ ਨਿਯਮ ਅਜੇ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ ਹੈ, ਬਲਕਿ ਪ੍ਰਸਤਾਵਿਤ ਹੈ ਅਤੇ ਇਸ ਨੂੰ ਕੈਨੇਡਾ ਗਜ਼ਟ ਵਿੱਚ ਪਬਲਿਸ਼ ਕਰਨ ਤੋਂ ਬਾਅਦ 30 ਦਿਨਾਂ ਦੀ ਪਬਲਿਕ ਵਿੰਡੋ ਦਿੱਤੀ ਜਾਵੇਗੀ। ਇਹ ਨਵਾਂ ਕਾਨੂੰਨ ਦਸੰਬਰ 2026 ਜਾਂ ਜਨਵਰੀ 2027 ਤੱਕ ਲਾਗੂ ਹੋਣ ਦੀ ਉਮੀਦ ਹੈ, ਇਸ ਲਈ ਉਦੋਂ ਤੱਕ ਪੁਰਾਣੇ ਨਿਯਮਾਂ ਤਹਿਤ ਫਾਈਲਾਂ ਲੱਗਦੀਆਂ ਰਹਿਣਗੀਆਂ, ਪਰ ਨਵੇਂ ਨਿਯਮ ਆਉਣ ਤੋਂ ਬਾਅਦ ਪੈਂਡਿੰਗ ਫਾਈਲਾਂ ਰੱਦ ਹੋ ਸਕਦੀਆਂ ਹਨ ਅਤੇ ਅੰਗਰੇਜ਼ੀ ਵਿੱਚ ਕਮਜ਼ੋਰ ਨੌਜਵਾਨਾਂ ਲਈ ਵੀਜ਼ਾ ਲੈਣਾ ਬੇਹੱਦ ਚੈਲੇਂਜਿੰਗ ਹੋ ਜਾਵੇਗਾ।

ਦੂਜੇ ਪਾਸੇ, ਕੈਨੇਡਾ ਵਿੱਚ ਰਹਿ ਰਹੇ ਭਾਰਤੀਆਂ ਅਤੇ ਪੰਜਾਬੀਆਂ ਲਈ IRCC ਨੇ ਇੱਕ ਵੱਡੀ ਰਾਹਤ ਦਾ ਐਲਾਨ ਵੀ ਕੀਤਾ ਹੈ। ਹੁਣ ਜੇਕਰ ਕੈਨੇਡਾ ਵਿੱਚ ਕਿਸੇ ਪ੍ਰਵਾਸੀ ਦੇ ਵਰਕ ਪਰਮਿਟ ਜਾਂ ਸਟੱਡੀ ਪਰਮਿਟ ਦੀ ਮਿਆਦ ਯਾਨੀ ਐਕਸਪਾਇਰੀ ਡੇਟ (Expiry Date) ਖ਼ਤਮ ਹੋ ਜਾਂਦੀ ਹੈ, ਤਾਂ ਉਨ੍ਹਾਂ ਨੂੰ ਤੁਰੰਤ ਆਪਣੇ ਦੇਸ਼ ਵਾਪਸ ਪਰਤਣ ਦੀ ਲੋੜ ਨਹੀਂ ਹੋਵੇਗੀ। ਇਮੀਗ੍ਰੇਸ਼ਨ ਨਿਯਮਾਂ ਵਿੱਚ ਕੀਤੀ ਗਈ ਇਸ ਨਵੀਂ ਸੋਧ ਦੇ ਤਹਿਤ, ਵੀਜ਼ਾ ਖ਼ਤਮ ਹੋਣ ਤੋਂ ਬਾਅਦ ਵੀ ਵਿਦਿਆਰਥੀਆਂ ਅਤੇ ਕਾਮਿਆਂ ਨੂੰ ਉੱਥੇ ਰਹਿਣ ਲਈ ਇੱਕ ਨਵਾਂ ਆਪਸ਼ਨ ਅਤੇ ਵਾਧੂ ਸਮਾਂ ਦਿੱਤਾ ਜਾਵੇਗਾ, ਬਸ਼ਰਤੇ ਉਹ ਨਵੀਆਂ ਨਿਰਧਾਰਤ ਸ਼ਰਤਾਂ ਅਤੇ ਕੰਮ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹੋਣ। ਸਰਕਾਰ ਦੇ ਇਸ ਕਦਮ ਨਾਲ ਹਜ਼ਾਰਾਂ ਪੰਜਾਬੀ ਨੌਜਵਾਨਾਂ ਨੂੰ ਡਿਪੋਰਟ ਹੋਣ ਦੇ ਡਰ ਤੋਂ ਵੱਡੀ ਰਾਹਤ ਮਿਲੇਗੀ।

## ਚੀਨ 'ਚ ਮੀਂਹ...

ਰਿਪੋਰਟ ਅਨੁਸਾਰ ਮੰਗਲਵਾਰ ਸ਼ਾਮ ਤੱਕ 19,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਸੀ। ਸੋਮਵਾਰ ਸਵੇਰੇ 7 ਵਜੇ ਤੱਕ ਪਿਛਲੇ 24 ਘੰਟਿਆਂ ਵਿੱਚ ਕਾਉਂਟੀ ਵਿੱਚ ਕੁੱਲ 339 ਮਿਲੀਮੀਟਰ (ਲਗਭਗ 13 ਇੰਚ) ਬਾਰਿਸ਼ ਦਰਜ ਕੀਤੀ ਗਈ ਹੈ। ਇੱਕ ਕਸਬੇ ਵਿੱਚ ਕੁਝ ਘੰਟਿਆਂ ਵਿੱਚ 240 ਮਿਲੀਮੀਟਰ (ਲਗਭਗ 9 ਇੰਚ) ਮੀਂਹ ਪਿਆ, ਇਤਿਹਾਸਕ ਰਿਕਾਰਡ ਤੋੜ ਦਿੱਤਾ ਹੈ।

ਨੇੜਲੇ ਹੁਬੇਈ ਪ੍ਰਾਂਤ ਵਿੱਚ, ਕੁਝ ਸੜਕਾਂ ਨਦੀਆਂ ਵਿੱਚ ਬਦਲ ਗਈਆਂ ਹਨ। ਬਚਾਅ ਟੀਮਾਂ ਨੂੰ ਫਸੇ ਵਸਨੀਕਾਂ ਦੀ ਮਦਦ ਲਈ ਫੁੱਲਣ ਵਾਲੀਆਂ ਕਿਸ਼ਤੀਆਂ ਦੀ ਵਰਤੋਂ ਕਰਨੀ ਪਈ। ਕੁਝ ਘਰ ਡੁੱਬ ਗਏ ਜਾਂ ਢਹਿ ਗਏ ਹਨ। ਮੰਗਲਵਾਰ ਸਵੇਰ ਤੱਕ, ਤਿੰਨ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਚਾਰ ਹੋਰ ਲਾਪਤਾ ਸਨ। ਦੱਖਣ-ਪੱਛਮੀ ਚੀਨ ਦੇ ਗੁਈਝੂ ਸੂਬੇ ਵਿੱਚ ਭਾਰੀ ਮੀਂਹ ਅਤੇ ਹੜ੍ਹ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਪੰਜ ਹੋਰ ਲਾਪਤਾ ਹਨ। ਕੁਝ ਇਲਾਕਿਆਂ 'ਚ ਘਰ ਪਾਣੀ 'ਚ ਡੁੱਬ ਗਏ, ਸੜਕਾਂ ਨੂੰ ਨੁਕਸਾਨ ਪਹੁੰਚਿਆ ਹੈ। ਇਸ ਦੇ ਨਾਲ ਹੀ ਸੰਚਾਰ ਪ੍ਰਣਾਲੀ ਵਿਚ ਵਿਘਨ ਪਿਆ ਹੈ।

## ਕਾਂਗੋ 'ਚ ਇਬੋਲਾ...

ਵਾਇਰਸ ਦਾ ਪਤਾ ਲੱਗਿਆ ਹੈ। ਵਰਤਮਾਨ ਵਿੱਚ, ਬੁਨੀਆ, ਗੋਮਾ, ਬਾਗੀਆਂ ਦੇ ਕਬਜ਼ੇ ਵਾਲੀ ਰਾਜਧਾਨੀ ਉੱਤਰੀ ਕਿਵੂ, ਮੋਂਗਬਵਾਲੂ, ਬੁਟੇਮਬੋ ਅਤੇ ਨਿਆਕੁੰਡੇ ਵਿੱਚ ਮਾਮਲਿਆਂ ਦੀ ਪੁਸ਼ਟੀ ਹੋਈ ਹੈ।

WHO ਦੇ ਡਾਇਰੈਕਟਰ-ਜਨਰਲ ਟੇਡਰੋਸ ਅਡਾਨੋਮ ਘੇਬਰੇਅਸਸ ਨੇ ਮੰਗਲਵਾਰ ਨੂੰ ਜੇਨੇਵਾ ਵਿੱਚ ਕਿਹਾ ਕਿ ਉਹ "ਮਹਾਂਮਾਰੀ ਦੇ ਪੈਮਾਨੇ ਅਤੇ ਤੇਜ਼ੀ ਨਾਲ ਫੈਲਣ ਬਾਰੇ ਬਹੁਤ ਚਿੰਤਤ ਹਨ," ਅਤੇ ਸੰਯੁਕਤ ਰਾਸ਼ਟਰ ਸਿਹਤ ਏਜੰਸੀ ਮੰਗਲਵਾਰ ਨੂੰ ਸਿਫ਼ਾਰਸ਼ਾਂ 'ਤੇ ਸਲਾਹ ਦੇਣ ਲਈ ਆਪਣੀ ਐਮਰਜੈਂਸੀ ਕਮੇਟੀ ਬੁਲਾਏਗੀ।

## ਅਮਰੀਕਾ 'ਚ 57...

ਰਫ਼ਤਾਰ ਸਾਧਾਰਣ ਹਨੇਰੀ ਦੇ ਬਰਾਬਰ ਰਹਿੰਦੀ ਹੈ। ਇਸੇ ਦੌਰਾਨ ਮੌਸਮ ਵਿਗਿਆਨੀ ਪੇਟਨ ਸਿਮਰਜ਼ ਨੇ ਦੱਸਿਆ ਕਿ ਕਈ ਇਲਾਕਿਆਂ ਗੌਲਫ਼ ਬੌਲ ਸਾਈਜ਼ ਦੇ ਗੜੇ ਡਿੱਗੇ ਅਤੇ ਗੱਡੀਆ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ। ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਟੌਰਨੈਡੋ ਦੇ ਖ਼ਤਰੇ ਵਾਲੇ ਇਲਾਕੇ ਵਿਚ ਡਰਾਈਵਿੰਗ ਬਿਲਕੁਲ ਨਾ ਕੀਤੀ ਜਾਵੇ ਅਤੇ ਕਿਸੇ ਸੁਰੱਖਿਅਤ ਟਿਕਾਣੇ ਵੱਲ ਪਹੁੰਚਣ ਦੇ ਯਤਨ ਕੀਤੇ ਜਾਣ। ਨੈਸ਼ਨਲ ਵੈਦਰ ਸਰਵਿਸ ਮੁਤਾਬਕ ਸ਼ਿਕਾਗੋ, ਕੈਨਸਸ ਸਿਟੀ, ਓਕਲਾਹੋਮਾ ਸਿਟੀ, ਓਮਾਹਾ ਅਤੇ ਮਿਨੀਆਪੌਲਿਸ ਵਰਗੇ ਸ਼ਹਿਰਾਂ ਵਿਚ ਤੇਜ਼ ਹਵਾਵਾਂ ਵੱਡਾ ਨੁਕਸਾਨ ਕਰ ਕਸਦੀਆਂ ਹਨ। ਇਥੇ ਦਸਣਾ ਬਣਦਾ ਹੈ ਕਿ ਅਮਰੀਕਾ ਵਿਚ ਮਾਰਚ ਤੋਂ ਹੁਣ ਤੱਕ ਸੈਂਕੜੇ ਵਾਵਰੋਲੇ ਕਹਿਰ ਢਾਹ ਚੁੱਕੇ ਹਨ ਅਤੇ ਹਾਲ ਹੀ ਵਿਚ ਮਿਸੀਸਿਪੀ ਸੂਬੇ ਵਿਚ ਟੌਰਨੈਡੋ ਨੇ ਸੈਂਕੜੇ ਤਬਾਹ ਕਰ ਦਿਤੇ ਜਦਕਿ ਦਰਜਨਾਂ ਲੋਕ ਜ਼ਖ਼ਮੀ ਹੋਏ।

ਮੌਜੂਦਾ ਹਾਲਾਤ ਦੇ ਮੱਦੇਨਜ਼ਰ ਲੋਕਾਂ ਨੂੰ ਹਦਾਇਤ ਦਿਤੀ ਗਈ ਹੈ ਕਿ ਘਰ ਦੀ ਬੇਸਮੈਂਟ ਵਿਚ ਪਨਾਹ ਲਈ ਜਾ ਸਕਦੀ ਹੈ ਜਾਂ ਪ੍ਰਸ਼ਾਸਨ ਵੱਲੋਂ ਦੱਸੇ ਟਿਕਾਣੇ 'ਤੇ ਪੁੱਜਿਆ ਜਾ ਸਕਦਾ ਹੈ। ਘਰਾਂ ਦੇ ਬੂਹੇ-ਬਾਰੀਆਂ ਕਿਸੇ ਵੀ ਹਾਲਤ ਵਿਚ ਖੁੱਲ੍ਹੇ ਨਾ ਰੱਖਣ ਦੇ ਚਿਤਵਾਨੀ ਦਿਤੀ ਗਈ ਹੈ। ਲੋਕਾਂ ਨੂੰ ਸੜਕਾਂ ਤੋਂ ਵੀ ਦੂਰ ਰਹਿਣ ਵਾਸਤੇ ਆਖਿਆ ਗਿਆ ਹੈ ਅਤੇ ਹਵਾ ਦੀ ਰਫ਼ਤਾਰ ਤੇਜ਼ ਹੋਣ 'ਤੇ ਸੁਰੱਖਿਅਤ ਟਿਕਾਣੇ ਵੱਲ ਜਾਣ ਦੀ ਹਦਾਇਤੀ ਦਿਤੀ ਗਈ ਹੈ। ਤੇਜ਼ ਹਵਾਵਾਂ ਨਾਲ ਗੜੇਮਾਰੀ ਹੋਰ ਵੀ ਜ਼ਿਆਦਾ ਖ਼ਤਰਨਾਕ ਸਾਬਤ ਹੋ ਸਕਦੀ ਹੈ ਅਤੇ ਗੱਡੀ ਦੀ ਵਿੰਡਸ਼ੀਲਡ ਟੁੱਟਣ ਦੀ ਸੂਰਤ ਵਿਚ ਅੰਦਰ ਮੌਜੂਦ ਲੋਕ ਗੰਭੀਰ ਜ਼ਖ਼ਮੀ ਹੋ ਸਕਦੇ ਹਨ। ਵੱਖ ਵੱਖ ਮੀਡੀਆ ਰਿਪੋਰਟਾਂ ਮੁਤਾਬਕ ਐਤਵਾਰ ਤੋਂ ਸ਼ੁਰੂ ਹੋਈ ਮੌਸਮੀ ਗੜਬੜੀ ਦੌਰਾਨ 230 ਥਾਵਾਂ 'ਤੇ ਲੱਖਾਂ ਲੋਕ ਬੁਰੀ ਤਰ੍ਹਾਂ ਪ੍ਰਭਾਵਤ ਹੋਏ। ਮੌਸਮ ਵਿਭਾਗ ਮੁਤਾਬਕ ਵੱਖ ਵੱਖ ਰਾਜਾਂ ਦੇ 57 ਮਿਲੀਅਨ ਲੋਕ ਵੀ ਹੁਣ ਖ਼ਤਰੇ ਤੋਂ ਬਾਹਰ ਨਹੀਂ ਮੰਨੇ ਜਾ ਸਕਦੇ ਅਤੇ ਦੱਖਣ ਪੱਛਮੀ ਟੈਕਸਸ ਤੋਂ ਲੈ ਕੇ ਨਿਊ ਇੰਗਲੈਂਡ ਤੱਕ ਮੌਸਮ ਆਪਣਾ ਰੰਗ ਦਿਖਾ ਸਕਦਾ ਹੈ।

## ਮੈਕਸੀਕੋ 'ਚ ਅੰਨ੍ਹੇਵਾਹ...

10 ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਮੈਕਸੀਕੋ ਦੇ ਪੂਰਬੀ-ਮੱਧ ਰਾਜ ਪਿਊਬਲਾ ਦੇ ਤੇਹੁਇਤਜ਼ਿੰਗੋ ਕਸਬੇ ਵਿੱਚ ਇਹ ਘਟਨਾ ਵਾਪਰੀ ਹੈ। ਇੱਥੇ ਬੰਦੂਕਧਾਰੀਆਂ ਦੇ ਹਮਲੇ ਵਿੱਚ ਘੱਟੋ-ਘੱਟ 10 ਲੋਕ ਮਾਰੇ ਗਏ। ਪਿਊਬਲਾ ਦੀ ਪਬਲਿਕ ਸੇਫਟੀ ਏਜੰਸੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਮਰਨ ਵਾਲਿਆਂ ਵਿੱਚ ਛੇ ਮਰਦ, ਤਿੰਨ ਔਰਤਾਂ ਅਤੇ ਇੱਕ ਬੱਚਾ ਸ਼ਾਮਲ ਹੈ। ਜਾਣਕਾਰੀ ਮੁਤਾਬਕ ਸੰਘੀ ਅਧਿਕਾਰੀ ਮਾਮਲੇ ਦੀ ਜਾਂਚ ਕਰ ਰਹੇ ਹਨ।

ਪਿਊਬਲਾ ਸਰਕਾਰ ਨੇ ਕਿਹਾ ਕਿ ਪੀੜਤਾਂ 'ਤੇ ਹਥਿਆਰਬੰਦ ਦੁਆਰਾ ਹਮਲਾ ਕੀਤਾ ਗਿਆ ਸੀ। ਹਾਲੇ ਤੱਕ ਕਿਸੇ ਵੀ ਗ੍ਰਿਫ਼ਤਾਰੀ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਹਮਲੇ ਦੇ ਕਾਰਨਾਂ ਦਾ ਵੀ ਅਜੇ ਤੱਕ ਸਪੱਸ਼ਟ ਪਤਾ ਨਹੀਂ ਲੱਗ ਸਕਿਆ ਹੈ। ਅਧਿਕਾਰੀ ਮਾਮਲੇ ਦੀ ਜਾਂਚ ਕਰ ਰਹੇ ਹਨ। ਪਿਊਬਲਾ ਦੇ ਗਵਰਨਰ ਅਲੇਜਾਂਦਰੋ ਅਰਮੈਂਟਾ ਨੇ ਵੀ ਹਾਲੇ ਤੱਕ ਇਸ ਘਟਨਾ 'ਤੇ ਕੋਈ ਬਿਆਨ ਨਹੀਂ ਦਿੱਤਾ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਫਰਵਰੀ ਵਿੱਚ ਪਿਊਬਲਾ ਰਾਜ ਦੇ ਇੱਕ ਹੋਰ ਸ਼ਹਿਰ ਹਿਊਹੁਏਤਲਾਨ ਐਲ ਗ੍ਰਾਂਡੇ ਵਿੱਚ ਛੇ ਲੋਕ ਮਾਰੇ ਗਏ ਸਨ। ਇਸ ਘਟਨਾ ਦੇ ਕੁਝ ਹੀ ਦਿਨਾਂ ਬਾਅਦ, ਪਿਊਬਲਾ ਦੀ ਰਾਜਧਾਨੀ ਵਿੱਚ ਇੱਕ ਵਾਹਨ 'ਤੇ ਹੋਏ ਹਮਲੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ।

ਮਾਮਲੇ ਦੀ ਜਾਂਚ ਵਿੱਚ ਨੈਸ਼ਨਲ ਗਾਰਡ, ਰਾਜ ਦਾ ਅਟਾਰਨੀ ਜਨਰਲ ਦਫ਼ਤਰ, ਰਾਜ ਅਤੇ ਸਥਾਨਕ ਪੁਲਿਸ ਦੇ ਨਾਲ-ਨਾਲ ਖੁਫ਼ੀਆ ਟੀਮਾਂ ਵੀ ਸ਼ਾਮਲ ਹਨ। ਅਧਿਕਾਰੀਆਂ ਨੇ ਕਿਹਾ ਕਿ ਹਮਲੇ ਦੇ ਪਿੱਛੇ ਕੌਣ ਹੈ, ਇਸ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੱਸ ਦਈਏ ਕਿ ਮੱਧ ਮੈਕਸੀਕੋ ਵਿੱਚ ਹਾਲ ਹੀ ਦੇ ਦਿਨਾਂ ਵਿੱਚ ਕਾਰਟੇਲ ਹਿੰਸਾ ਵਿੱਚ ਤੇਜ਼ੀ ਆਈ ਹੈ, ਜਿਸ ਕਾਰਨ ਸੈਂਕੜੇ ਪਰਿਵਾਰਾਂ ਨੂੰ ਆਪਣੇ ਘਰ ਛੱਡ ਕੇ ਭੱਜਣ ਲਈ ਮਜਬੂਰ ਹੋਣਾ ਪਿਆ ਹੈ।

## ਸੁਪਰੀਮ ਕੋਰਟ ਦੀ...

'ਆਨੰਦ ਮੈਰਿਜ ਐਕਟ, 1909' ਦੇ ਉਪਬੰਧ ਸਿੱਕਮ ਰਾਜ ਵਿੱਚ ਲਾਗੂ ਹੋਣਗੇ।"

ਸੁਪਰੀਮ ਕੋਰਟ ਦੇ ਫ਼ੈਸਲੇ ਨੇ ਲਿਆਂਦੀ ਤੇਜ਼ੀ

ਸਾਲ 1909 ਦੇ ਇਸ ਪੁਰਾਣੇ ਕਾਨੂੰਨ ਨੂੰ ਸਿੱਕਮ ਵਿੱਚ ਲਾਗੂ ਕਰਨ ਦੀ ਪ੍ਰਕਿਰਿਆ ਸਤੰਬਰ 2025 ਵਿੱਚ ਸੁਪਰੀਮ ਕੋਰਟ ਦੇ ਇੱਕ ਇਤਿਹਾਸਕ ਫ਼ੈਸਲੇ ਤੋਂ ਬਾਅਦ ਤੇਜ਼ ਹੋਈ ਸੀ। ਅਦਾਲਤ ਨੇ 'ਅਮਨਜੋਤ ਸਿੰਘ ਚੱਢਾ ਬਨਾਮ ਯੂਨੀਅਨ ਆਫ਼ ਇੰਡੀਆ' ਮਾਮਲੇ ਦੀ ਸੁਣਵਾਈ ਕਰਦਿਆਂ ਇਸ ਕਾਨੂੰਨ ਦੇ ਰਾਹ ਵਿੱਚ ਆ ਰਹੀਆਂ ਪ੍ਰਸ਼ਾਸਨਿਕ ਖ਼ਾਮੀਆਂ ਨੂੰ ਦੂਰ ਕਰ ਦਿੱਤਾ ਸੀ।

ਸਿਖਰਲੀ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਿੱਕਮ ਸਰਕਾਰ ਨੇ ਹੁਣ ਸਥਾਨਕ ਪੱਧਰ 'ਤੇ ਰਜਿਸਟਰੇਸ਼ਨ ਪ੍ਰਣਾਲੀ ਦੀ ਰੂਪਰੇਖਾ ਤਿਆਰ ਕਰਕੇ 'ਸਿੱਕਮ ਆਨੰਦ ਮੈਰਿਜ ਰਜਿਸਟਰੇਸ਼ਨ ਰੂਲਜ਼, 2026' ਨੂੰ ਨੋਟੀਫਾਈ ਕਰ ਦਿੱਤਾ ਹੈ।

ਹੁਣ ਤੱਕ ਹਿੰਦੂ ਮੈਰਿਜ ਐਕਟ ਤਹਿਤ ਹੁੰਦੀ ਸੀ ਰਜਿਸਟਰੇਸ਼ਨ

ਜ਼ਿਕਰਯੋਗ ਹੈ ਕਿ ਸਾਲ 2012 ਵਿੱਚ 'ਆਨੰਦ ਮੈਰਿਜ ਐਕਟ 1909' ਵਿੱਚ ਇੱਕ ਅਹਿਮ ਸੋਧ ਕੀਤੀ ਗਈ ਸੀ, ਜਿਸ ਰਾਹੀਂ ਸੂਬਾ ਪੱਧਰ 'ਤੇ ਸਿੱਖ ਵਿਆਹਾਂ ਨੂੰ ਰਜਿਸਟਰ ਕਰਨ ਦੀ ਪ੍ਰਣਾਲੀ ਸ਼ੁਰੂ ਕੀਤੀ ਗਈ ਸੀ। ਪਰ, ਸਿੱਕਮ ਸਣੇ ਦੇਸ਼ ਦੇ ਕਈ ਸੂਬਿਆਂ ਨੇ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਇਸ ਦੇ ਨਿਯਮ (Rules) ਤਿਆਰ ਨਹੀਂ ਕੀਤੇ ਸਨ। ਨਿਯਮ ਨਾ ਹੋਣ ਕਾਰਨ ਸਿੱਖ ਜੋੜੇ ਜਾਂ ਤਾਂ ਆਪਣੇ ਵਿਆਹ ਨੂੰ ਰਜਿਸਟਰ ਕਰਵਾਉਣ ਤੋਂ ਵਾਂਝੇ ਰਹਿ ਜਾਂਦੇ ਸਨ ਜਾਂ ਫਿਰ ਮਜਬੂਰਨ ਉਨ੍ਹਾਂ ਨੂੰ 'ਹਿੰਦੂ ਮੈਰਿਜ ਐਕਟ 1955' ਤਹਿਤ ਆਪਣੇ ਵਿਆਹ ਰਜਿਸਟਰ ਕਰਵਾਉਣੇ ਪੈਂਦੇ ਸਨ।

ਸੁਪਰੀਮ ਕੋਰਟ ਨੇ ਨਿਯਮ ਨਾ ਬਣਾਉਣ ਵਾਲੇ ਰਾਜਾਂ ਨੂੰ ਜਲਦੀ ਤੋਂ ਜਲਦੀ ਨੇਮ ਤੈਅ ਕਰਨ ਦੇ ਨਿਰਦੇਸ਼ ਦਿੱਤੇ ਸਨ। ਹੁਣ ਸਿੱਕਮ ਸਰਕਾਰ ਵੱਲੋਂ ਨਿਯਮ ਨੋਟੀਫਾਈ ਕੀਤੇ ਜਾਣ ਅਤੇ ਕੇਂਦਰ ਦੀ ਹਰੀ ਝੰਡੀ ਮਿਲਣ ਤੋਂ ਬਾਅਦ, 1 ਜੂਨ ਤੋਂ ਸਿੱਕਮ ਦੇ ਸਿੱਖ ਭਾਈਚਾਰੇ ਨੂੰ ਆਪਣੀ ਧਾਰਮਿਕ ਰੀਤ ਮੁਤਾਬਕ ਵਿਆਹ ਰਜਿਸਟਰ ਕਰਵਾਉਣ ਦਾ ਕਾਨੂੰਨੀ ਹੱਕ ਮਿਲ ਜਾਵੇਗਾ।

## ਕੈਨੇਡਾ ਏਅਰਪੋਰਟ...

ਕਰਦਿਆਂ ਰਾਇਲ ਕੈਨੇਡੀਅਨ ਮਾਊਂਟਡ ਪੁਲੀਸ (RCMP) ਨੇ ਟੋਰਾਂਟੋ ਪੀਅਰਸਨ ਹਵਾਈ ਅੱਡੇ ਦੇ ਛੇ ਬੈਗੇਜ ਅਤੇ ਰੈਂਪ ਕਰਮਚਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਂਚ ਏਜੰਸੀਆਂ ਦਾ ਖ਼ਦਸ਼ਾ ਹੈ ਕਿ ਇਹ ਰੈਕਟ ਫੜੇ ਗਏ ਮਾਮਲਿਆਂ ਤੋਂ ਕਿਤੇ ਜ਼ਿਆਦਾ ਵੱਡਾ ਹੋ ਸਕਦਾ ਹੈ।

**ਕੈਨੇਡਾ ਏਅਰਪੋਰਟ ਸਕੈਮ ਪੀੜਤਾਂ ਦੀ ਹੱਡਬੀਤੀ: ਨਿਕੋਲ ਅਤੇ ਓਨਟਾਰੀਓ ਦੇ ਜੋੜੇ ਨਾਲ ਕੀ ਵਾਪਰਿਆ?**

ਇਸ ਘਿਨਾਉਣੇ ਰੈਕਟ ਕਾਰਨ ਬੀਤੇ ਇੱਕ ਸਾਲ ਵਿੱਚ ਘੱਟੋ-ਘੱਟ 17 ਬੇਗੁਨਾਹ ਕੈਨੇਡੀਅਨ ਯਾਤਰੀ ਨਸ਼ਾ ਤਸਕਰੀ ਦੇ ਝੂਠੇ ਕੇਸਾਂ ਵਿੱਚ ਫਸ ਚੁੱਕੇ ਹਨ। ਅਜਿਹਾ ਹੀ ਇੱਕ ਮਾਮਲਾ ਟੋਰਾਂਟੋ ਦੀ 35 ਸਾਲਾ ਪੈਰਾਮੈਡੀਕਲ ਮਹਿਲਾ ਨਿਕੋਲ ਨਾਲ ਵਾਪਰਿਆ, ਜਿਸ ਨੂੰ ਆਕਲੈਂਡ ਉਤਰਦੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਕਿਉਂਕਿ ਉਸ ਦੇ ਨਾਮ ਵਾਲੇ ਦੋ ਸੂਟਕੇਸਾਂ ਵਿੱਚੋਂ 20 ਕਿੱਲੋਗਰਾਮ ਮੈਥਾਮਫੇਟਾਮੀਨ ਬਰਾਮਦ ਹੋਈ ਸੀ। ਖ਼ੁਸ਼ਕਿਸਮਤੀ ਨਾਲ, 7 ਘੰਟੇ ਦੀ ਹਿਰਾਸਤ ਤੋਂ ਬਾਅਦ ਸੀਸੀਟੀਵੀ ਫੁਟੇਜ ਰਾਹੀਂ ਇਹ ਸਾਬਤ ਹੋ ਗਿਆ ਕਿ ਉਹ ਬੈਗ ਨਿਕੋਲ ਦੇ ਨਹੀਂ ਸਨ ਅਤੇ ਉਸ ਦੇ ਅਸਲੀ ਬੈਗ ਬਾਅਦ ਵਿੱਚ 'ਰਸ਼ ਟੈਗ' (ਦੇਰੀ ਨਾਲ ਪਹੁੰਚਣ ਵਾਲੇ ਟੈਗ) ਨਾਲ ਉੱਥੇ ਪਹੁੰਚੇ। ਇੱਕ ਹੋਰ ਮਾਮਲੇ ਵਿੱਚ, ਓਨਟਾਰੀਓ ਦੇ ਇੱਕ ਜੋੜੇ ਸਹਿਤ ਤਿੰਨ ਯਾਤਰੀਆਂ ਨੂੰ ਡੋਮੀਨਿਕਨ ਰਿਪਬਲਿਕ ਵਿੱਚ ਕਈ ਮਹੀਨੇ ਹਿਰਾਸਤ ਵਿੱਚ ਕੱਟਣੇ ਪਏ, ਕਿਉਂਕਿ ਉਨ੍ਹਾਂ ਦੇ ਟੈਗ 79 ਪੈਕਟ ਮਰੀਜੁਆਨਾ ਵਾਲੇ ਸੂਟਕੇਸਾਂ 'ਤੇ ਲੱਗੇ ਹੋਏ ਸਨ।

**ਕੈਨੇਡਾ ਏਅਰਪੋਰਟ ਸਕੈਮ ਅੰਤਰਰਾਸ਼ਟਰੀ ਖ਼ਤਰਾ: ਬੇਗੁਨਾਹ ਨੂੰ ਹੋ ਸਕਦੀ ਮੌਤ ਦੀ ਸਜ਼ਾ**

ਇਸ ਸਕੈਮ ਦੀ ਮਾਰ ਹੇਠ ਆਏ ਯਾਤਰੀਆਂ ਦੇ ਤਾਰ ਫਰਾਂਸ, ਜਰਮਨੀ, ਮੋਰੋਕੋ, ਬਰਮੂਡਾ, ਫਿਲੀਪਾਈਨਜ਼ ਅਤੇ ਦੱਖਣੀ ਕੋਰੀਆ ਵਰਗੇ ਦੇਸ਼ਾਂ ਨਾਲ ਜੁੜੇ ਹੋਏ ਹਨ। ਇਹ ਮਾਮਲਾ ਇਸ ਲਈ ਹੋਰ ਵੀ ਗੰਭੀਰ ਅਤੇ ਡਰਾਉਣਾ ਹੋ ਜਾਂਦਾ ਹੈ ਕਿਉਂਕਿ ਇਨ੍ਹਾਂ ਵਿੱਚੋਂ ਕਈ ਅਜਿਹੇ ਦੇਸ਼ ਹਨ ਜਿੱਥੇ ਨਸ਼ਾ ਤਸਕਰੀ ਵਿਰੁੱਧ ਬੇਹੱਦ ਸਖ਼ਤ ਕਾਨੂੰਨ ਹਨ ਅਤੇ ਦੋਸ਼ੀ ਪਾਏ ਜਾਣ 'ਤੇ ਸਿੱਧੀ ਮੌਤ ਦੀ ਸਜ਼ਾ ਦਾ ਪ੍ਰਬੰਧ ਹੈ। ਹਾਲਾਂਕਿ ਹਵਾਈ ਅੱਡਾ ਅਥਾਰਿਟੀ ਦਾ ਕਹਿਣਾ ਹੈ ਕਿ ਉਹ ਆਪਣੀ ਸੁਰੱਖਿਆ ਪ੍ਰਣਾਲੀ ਅਤੇ ਪਹੁੰਚ ਨਿਯੰਤਰਨ ਦੀ ਲਗਾਤਾਰ ਸਮੀਖਿਆ ਕਰ ਰਹੇ ਹਨ, ਪਰ ਇਸ ਘਟਨਾ ਨੇ ਅੰਤਰਰਾਸ਼ਟਰੀ ਮੁਸਾਫ਼ਰਾਂ ਵਿੱਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

**ਕੈਨੇਡਾ ਏਅਰਪੋਰਟ ਸਕੈਮ ਸੁਰੱਖਿਆ ਮਾਹਰਾਂ ਦੀ ਸਲਾਹ: ਸਫ਼ਰ ਦੌਰਾਨ ਖ਼ੁਦ ਨੂੰ ਕਿਵੇਂ ਸੁਰੱਖਿਅਤ ਰੱਖੀਏ?**

ਸੁਰੱਖਿਆ ਮਾਹਰ ਮਿਤੇਸ਼ ਸ਼ਾਹ ਅਨੁਸਾਰ, ਅਜੋਕੇ ਸਮੇਂ ਵਿੱਚ ਯਾਤਰੀਆਂ ਨੂੰ ਬੇਹੱਦ ਚੌਕਸ ਰਹਿਣ ਦੀ ਲੋੜ ਹੈ। ਉਨ੍ਹਾਂ ਨੇ ਬੇਗੁਨਾਹ ਫਸਣ ਤੋਂ ਬਚਣ ਲਈ ਹੇਠ ਲਿਖੇ ਨੁਕਤੇ ਸਾਂਝੇ ਕੀਤੇ ਹਨ:


**ਵਿਲੱਖਣ ਸਮਾਨ ਦੀ ਵਰਤੋਂ:** ਹਮੇਸ਼ਾ ਅਜਿਹੇ ਬੈਗ ਜਾਂ ਸੂਟਕੇਸ ਵਰਤੋ ਜੋ ਆਸਾਨੀ ਨਾਲ ਪਛਾਣੇ ਜਾ ਸਕਣ (ਜਿਵੇਂ ਕੋਈ ਖ਼ਾਸ ਰੰਗ, ਚਿੰਨ੍ਹ ਜਾਂ ਕਵਰ)।

**ਡਿਜੀਟਲ ਸਬੂਤ:** ਬੈਗ ਜਮ੍ਹਾਂ ਕਰਵਾਉਣ ਵੇਲੇ ਉਸ ਦੀਆਂ ਫ਼ੋਟੋਆਂ ਖਿੱਚੋ ਅਤੇ ਸਮਾਨ ਦੀਆਂ ਰਸੀਦਾਂ (Baggage Tags) ਨੂੰ ਬੇਹੱਦ ਸੰਭਾਲ ਕੇ ਰੱਖੋ।

**ਟਰੈਕਿੰਗ ਡਿਵਾਈਸ:** ਸੂਟਕੇਸ ਦੇ ਅੰਦਰ 'ਐਪਲ ਏਅਰਟੈਗ' (Apple AirTag) ਵਰਗੇ ਟਰੈਕਿੰਗ ਉਪਕਰਨਾਂ ਦੀ ਵਰਤੋਂ ਕਰੋ ਤਾਂ ਜੋ ਲੈਂਡਿੰਗ ਤੋਂ ਤੁਰੰਤ ਬਾਅਦ ਬੈਗ ਦੀ ਲੋਕੇਸ਼ਨ ਪਤਾ ਲੱਗ ਸਕੇ।

**ਤੁਰੰਤ ਜਾਂਚ:** ਜਹਾਜ਼ ਤੋਂ ਉਤਰਦਿਆਂ ਹੀ ਸਭ ਤੋਂ ਪਹਿਲਾਂ ਆਪਣੇ ਸਮਾਨ ਅਤੇ ਉਸ ਦੇ ਟੈਗ ਦੀ ਚੰਗੀ ਤਰ੍ਹਾਂ ਜਾਂਚ ਕਰੋ।

# ਅਮਰੀਕਾ ਦੇ ਸੈਨ ਡਿਏਗੋ 'ਚ ਮਸਜਿਦ ਦੇ ਬਾਹਰ ਅੰਨ੍ਹੇਵਾਹ ਗੋਲੀਬਾਰੀ, 3 ਦੀ ਮੌਤ




ਸੈਨ ਡਿਏਗੋ: ਅਮਰੀਕਾ ਦੇ ਕੈਲੀਫੋਰਨੀਆ ਦੇ ਸੈਨ ਡਿਏਗੋ ਸ਼ਹਿਰ ਵਿੱਚ ਇੱਕ ਮਸਜਿਦ ਦੇ ਬਾਹਰ ਗੋਲੀਬਾਰੀ ਦੀ ਘਟਨਾ ਨਾਲ ਹੜਕੰਪ ਮਚ ਗਿਆ। ਪੁਲਿਸ ਨੇ ਦੱਸਿਆ ਕਿ ਸੈਨ ਡਿਏਗੋ 'ਚ ਮਸਜਿਦ ਦੇ ਬਾਹਰ ਹੋਈ ਗੋਲੀਬਾਰੀ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ। ਇਨਵੈਸਟੀਗੇਟਰਾਂ ਨੇ ਘਟਨਾ ਵਾਲੀ ਥਾਂ ਦੇ ਨੇੜੇ ਖੜ੍ਹੀ ਇੱਕ ਗੱਡੀ ਦੇ ਅੰਦਰੋਂ 17 ਅਤੇ 19 ਸਾਲ ਦੀ ਉਮਰ ਦੇ 2 ਨਾਬਾਲਗਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ।

ਦੱਸਿਆ ਜਾ ਰਿਹਾ ਹੈ ਕਿ ਸੁਰੱਖਿਆ ਗਾਰਡ ਨੇ ਹਮਲੇ ਦੌਰਾਨ ਵੱਧ ਖ਼ੂਨ-ਖ਼ਰਾਬਾ ਰੋਕਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਇਨਵੈਸਟੀਗੇਟਰ ਅਜੇ ਵੀ ਹਮਲੇ ਦੇ ਪਿੱਛੇ ਦੇ ਮਕਸਦ ਦਾ ਪਤਾ ਲਗਾਉਣ ਅਤੇ ਹਿੰਸਾ ਤੱਕ ਲੈ ਕੇ ਜਾਣ ਵਾਲੀਆਂ ਘਟਨਾਵਾਂ ਦੇ ਸਿਲਸਿਲੇ ਨੂੰ ਸਮਝਣ ਲਈ ਕੰਮ ਕਰ ਰਹੇ ਹਨ।

ਸੈਨ ਡਿਏਗੋ ਦੇ ਪੁਲਿਸ ਮੁਖੀ ਸਕੌਟ ਵਾਹਲ ਨੇ ਦੱਸਿਆ ਕਿ ਘਟਨਾ ਦੀ ਪਹਿਲੀ ਸੂਚਨਾ ਸਵੇਰੇ 11:43 ਵਜੇ ਮਿਲੀ ਸੀ। ਉਨ੍ਹਾਂ ਕਿਹਾ ਕਿ ਪੁਲਿਸ ਅਧਿਕਾਰੀ ਚਾਰ ਮਿੰਟਾਂ ਦੇ ਅੰਦਰ-ਅੰਦਰ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ। ਪੁਲਿਸ ਨੂੰ ਇਸਲਾਮਿਕ ਸੈਂਟਰ ਦੇ ਬਾਹਰ ਤਿੰਨ ਮ੍ਰਿਤਕ ਵਿਅਕਤੀ ਮਿਲੇ। ਉਨ੍ਹਾਂ ਕਿਹਾ, "ਅਸੀਂ ਤੁਰੰਤ ਮਸਜਿਦ ਅਤੇ ਉਸ ਦੇ ਨੇੜਲੇ ਸਕੂਲ ਵਿੱਚ ਐਕਟਿਵ ਸ਼ੂਟਰ ਰਿਸਪਾਂਸ ਸ਼ੁਰੂ ਕੀਤੀ।" ਉਨ੍ਹਾਂ ਦੱਸਿਆ ਕਿ ਨੇੜਲੇ ਇਲਾਕੇ ਤੋਂ ਹੋਰ ਗੋਲੀਬਾਰੀ ਦੀ ਕਾਲ ਵੀ ਮਿਲੀ ਸੀ, ਜਿੱਥੇ ਇੱਕ ਮਾਲੀ 'ਤੇ ਗੋਲੀ ਚਲਾਈ ਗਈ, ਪਰ ਉਸ ਨੂੰ ਗੋਲੀ ਲੱਗੀ ਨਹੀਂ ਸੀ।

ਐਫ.ਬੀ.ਆਈ. (FBI) ਨੇ ਦੱਸਿਆ ਕਿ ਤਿੰਨੋਂ ਮ੍ਰਿਤਕ ਮਰਦ ਸਨ। ਪੁਲਿਸ ਮੁਖੀ ਨੇ ਦੱਸਿਆ ਕਿ ਮ੍ਰਿਤਕਾਂ ਵਿੱਚੋਂ ਇੱਕ ਵਿਅਕਤੀ ਕੰਪਲੈਕਸ ਵਿੱਚ ਸੁਰੱਖਿਆ ਗਾਰਡ ਵਜੋਂ ਕੰਮ ਕਰਦਾ ਸੀ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਸਲਾਮਿਕ ਸੈਂਟਰ ਸੈਨ ਡਿਏਗੋ ਕਾਉਂਟੀ ਦੀ ਸਭ ਤੋਂ ਵੱਡੀ ਮਸਜਿਦ ਹੈ। ਇਸ ਦੀ ਵੈੱਬਸਾਈਟ ਦੇ ਮੁਤਾਬਕ, ਕੰਪਲੈਕਸ ਵਿੱਚ ਅਲ ਰਸ਼ੀਦ ਸਕੂਲ ਵੀ ਸ਼ਾਮਲ ਹੈ, ਜੋ ਅਰਬੀ ਭਾਸ਼ਾ, ਇਸਲਾਮੀ ਅਧਿਐਨ ਅਤੇ ਕੁਰਾਨ ਵੀ ਪੜ੍ਹਾਉਂਦਾ ਹੈ।









# ਕੈਨੇਡੀਅਨਜ਼ ਨੇ ਜਸਟਿਨ ਟਰੂਡੋ ਨੂੰ "ਸਭ ਤੋਂ ਭੈੜੇ" ਪ੍ਰਧਾਨ ਮੰਤਰੀਆਂ ਦੀ ਸੂਚੀ ਵਿੱਚ ਕੀਤਾ ਸ਼ਾਮਲ

ਸਟਾਰ ਨਿਊਜ਼:-ਇੱਕ ਨਵਾਂ ਸਰਵੇਖਣ 2026 ਦੇ ਅਪ੍ਰੈਲ ਵਿਚ ਰਿਸਰਚ ਕੋ ਵੱਲੋਂ ਕਰਵਾਇਆ ਗਿਆ ਸੀ। ਜਿਸ ਵਿੱਚ 47% ਕੈਨੇਡੀਅਨਜ਼ ਨੇ ਜਸਟਿਨ ਟਰੂਡੋ ਨੂੰ "ਸਭ ਤੋਂ ਭੈੜੇ" ਪ੍ਰਧਾਨ ਮੰਤਰੀਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ। ਅਲਬਰਟਾ ਵਿੱਚ ਇਹ ਅੰਕੜਾ 63% ਅਤੇ ਓਨਟਾਰੀਓ ਵਿੱਚ 51% ਸੀ, ਅਤੇ ਟਰੂਡੋ ਹਰ ਉਮਰ ਸਮੂਹ ਵਿੱਚ ਇਸ ਸੂਚੀ ਦੇ ਸਿਖਰ 'ਤੇ ਰਿਹਾ। ਜਦੋਂ ਕੈਨੇਡੀਅਨਾਂ ਨੂੰ ਫੈਡਰਲ ਸਰਕਾਰ ਦੇ ਸਭ ਤੋਂ ਵਧੀਆ ਪ੍ਰਬੰਧਕਾਂ ਨੂੰ ਚੁਣਨ ਲਈ ਕਿਹਾ ਜਾਂਦਾ ਹੈ ਤਾਂ ਕੋਈ ਸਪੱਸ਼ਟ ਪਸੰਦੀਦਾ ਨਹੀਂ ਹੈ, ਇਹ ਨਵੇਂ ਰਿਸਰਚ ਕੰਪਨੀ ਦੇ ਸਰਵੇਖਣ ਵਿੱਚ ਦੇਖਣ ਨੂੰ ਮਿਲਿਆ ਹੈ।



ਇੱਕ ਔਨਲਾਈਨ ਸਰਵੇਖਣ ਵਿੱਚ ਕੈਨੇਡੀਅਨਾਂ ਨੂੰ ਕੈਨੇਡਾ ਦੇ 24 ਪ੍ਰਧਾਨ ਮੰਤਰੀਆਂ ਵਿੱਚੋਂ ਚਾਰ ਨੂੰ ਦੇਸ਼ ਵਿੱਚ ਹੁਣ ਤੱਕ ਦੇ ਸਭ ਤੋਂ ਵਧੀਆ-ਅਤੇ ਸਭ ਤੋਂ ਮਾੜੇ ਪ੍ਰਧਾਨ ਮੰਤਰੀਆਂ ਵਜੋਂ ਚੁਣਨ ਬਾਰੇ ਪੁੱਛਿਆ ਸੀ। ਪੰਜ ਆਦਮੀਆਂ ਨੂੰ "ਹੁਣ ਤੱਕ ਦੇ ਸਰਬੋਤਮ" ਪ੍ਰਧਾਨ ਮੰਤਰੀਆਂ ਦੀ ਸੂਚੀ ਵਿੱਚ ਚਾਰ ਵਿੱਚੋਂ ਇੱਕ ਤੋਂ ਵੱਧ ਕੈਨੇਡੀਅਨਾਂ ਦੁਆਰਾ ਚੁਣਿਆਂ ਗਿਆ ਹੈ: ਪੀਅਰ ਟਰੂਡੋ (30%), ਮਾਰਕ ਕਾਰਨੀ (29%), ਸਟੀਫਨ ਹਾਰਪਰ (29%), ਜੌਨ ਏ. ਮੈਕਡੋਨਲਡ (27%) ਅਤੇ ਜੌਂਅ ਕ੍ਰੀਸ਼ੀਅਨ (27%)।

ਮਰਦਾਂ ਵਿੱਚ ਮੈਕਡੋਨਲਡ (31%) ਪਹਿਲੇ ਸਥਾਨ 'ਤੇ ਉਸ ਤੋਂ ਬਾਅਦ ਹਾਰਪਰ (30%), ਪਿਅਰੇ ਟਰੂਡੋ (27%), ਕ੍ਰੀਸ਼ੀਅਨ ਵੀ (27%) ਅਤੇ ਵਿਲਫ੍ਰਿਡ ਲੌਰੀਅਰ (24%) ਦਾ ਸਥਾਨ ਹੈ। ਔਰਤਾਂ ਵਿੱਚ ਕਾਰਨੀ (36%) ਪੀਅਰ ਟਰੂਡੋ ਤੋਂ ਅੱਗੇ ਹਨ। ਪਿਅਰ ਟਰੂਡੋ (33%), ਹਾਰਪਰ (28%), ਕ੍ਰੀਸ਼ੀਅਨ (27%) ਅਤੇ ਮੈਕਡੋਨਲਡ (25%)।

ਪਿਅਰ ਟਰੂਡੋ ਨੂੰ ਬੇਬੀ ਬੂਮਰਸ (34%) ਸੱਭ ਤੋਂ ਵੱਧ ਵੋਟਾਂ ਮਿਲੀਆਂ, ਉਸ ਤੋਂ ਬਾਅਦ 32% ਨਾਲ ਬ੍ਰਾਇਨ ਮਲਰੋਨੀ ਅਤੇ 31% ਨਾਲ ਲੈਸਟਰ ਪੀਅਰਸਨ)। ਜਨਰੇਸ਼ਨ ਐਕਸ ਨੇ ਹਾਰਪਰ ਨੂੰ 37% ਦੇ ਨਾਲ ਪਹਿਲੇ ਸਥਾਨ 'ਤੇ ਰੱਖਿਆ ਹੈ, ਉਸ ਤੋਂ ਬਾਅਦ ਪੀਅਰ ਟਰੂਡੋ 34% ਨਾਲ ਅਤੇ ਕ੍ਰੀਸ਼ੀਅਨ ਅਤੇ ਮਲਰੋਨੀ 33% ਹਨ।

ਸਿਰਫ਼ 10 ਮਿਲੀਅਨਜ਼ ਵਿੱਚ 3 ਤੋਂ ਵੱਧ ਨੇ (31%) 'ਤੇ ਕ੍ਰੀਸ਼ੀਅਨ ਨੂੰ ਆਪਣੀ ਬੈਲਟ ਵਿੱਚ ਸ਼ਾਮਲ ਕੀਤਾ, ਉਸ ਤੋਂ ਬਾਅਦ ਕਾਰਨੀ 28% ਨਾਲ ਅਤੇ ਪੀਅਰ ਟਰੂਡੋ 27% ਦੇ ਨਾਲ। ਜਨਰੇਸ਼ਨ ਜ਼ੈਡ ਵਿੱਚ ਕਾਰਨੀ (32%) ਪਹਿਲੇ ਸਥਾਨ 'ਤੇ ਹੈ, ਉਸ ਤੋਂ ਬਾਅਦ ਜਸਟਿਨ ਟਰੂਡੋ (28%) ਅਤੇ ਮੈਕਡੋਨਲਡ (27%) ਹਨ।

"ਸਭ ਤੋਂ ਭੈੜੇ" ਸਵਾਲ 'ਤੇ, 47% ਕੈਨੇਡੀਅਨਾਂ ਨੇ ਜਸਟਿਨ ਟਰੂਡੋ ਨੂੰ ਉਨ੍ਹਾਂ ਦੀਆਂ ਚਾਰ ਵੋਟਾਂ ਵਿੱਚੋਂ ਇੱਕ ਵੋਟ ਦਿੱਤੀ। ਹਾਰਪਰ ਅਤੇ ਪਿਅਰ ਟਰੂਡੋ 23% ਨਾਲ ਬਰਾਬਰ, ਕਾਰਨੀ (21%) ਅਤੇ ਕਿਮ ਕੈਂਪਬੈਲ (20%) ਹਨ।

ਜਸਟਿਨ ਟਰੂਡੋ ਮਰਦਾਂ/ਔਰਤਾਂ ਅਤੇ ਸਾਰੇ ਉਮਰ ਸਮੂਹਾਂ ਵਿੱਚ ਇਸ ਸੂਚੀ ਵਿੱਚ ਸਿਖਰ 'ਤੇ ਹਨ-ਓਨਟਾਰੀਓ ਵਿੱਚ 51% ਅਤੇ ਅਲਬਰਟਾ ਵਿੱਚ 63%।

ਸਰਵੇਖਣ ਵਿੱਚ ਉਹ ਸਵਾਲ ਵੀ ਪੁੱਛੇ ਗਏ ਹਨ ਜੋ ਰਿਸਰਚ ਕੰਪਨੀ ਨੇ ਜੁਲਾਈ 2020 ਤੋਂ ਟਰੈਕ ਕੀਤੇ ਹਨ, ਜੋ ਪਿਛਲੇ 58 ਸਾਲਾਂ ਦੇ ਪ੍ਰਧਾਨ ਮੰਤਰੀਆਂ ਅਤੇ ਵਿਰੋਧੀ ਧਿਰ ਦੇ ਨੇਤਾਵਾਂ 'ਤੇ ਕੇਂਦਰਿਤ ਸਨ।


ਹਾਰਪਰ (ਅਗਸਤ 2024 ਤੋਂ 17%, +1) ਪਿਅਰ ਟਰੂਡੋ ਤੋਂ ਥੋੜ੍ਹਾ ਅੱਗੇ ਪਿਅਰ ਟਰੂਡੋ (16%, -1) ਅਤੇ ਕਾਰਨੀ (15%, ਨਵਾਂ) 1968 ਤੋਂ ਬਾਅਦ ਦੇ ਸਰਵੋਤਮ ਪ੍ਰਧਾਨ ਮੰਤਰੀ ਵਜੋਂ ਹਨ, ਇਸ ਤੋਂ ਬਾਅਦ ਕ੍ਰੀਸ਼ੀਅਨ (10%, +1) ਅਤੇ ਮਲਰੋਨੀ (8%, -7) ਹਨ।

ਕੈਨੇਡੀਅਨਾਂ ਵਿੱਚੋਂ ਇੱਕ ਤਿਹਾਈ ਤੋਂ ਉੱਪਰ (34%, -4) ਨੇ ਜਸਟਿਨ ਟਰੂਡੋ ਨੂੰ 1968 ਤੋਂ ਬਾਅਦ ਸਭ ਤੋਂ ਮਾੜੇ ਪ੍ਰਧਾਨ ਮੰਤਰੀ ਵਜੋਂ ਚੁਣਿਆ, ਇਸ ਤੋਂ ਬਾਅਦ ਹਾਰਪਰ (11%, -3), ਪਿਅਰੇ ਟਰੂਡੋ (9%, +2) ਅਤੇ ਕਾਰਨੀ (8%, ਨਵਾਂ)।

ਜਦੋਂ ਹੁਣ ਦੇ ਵਿਰੋਧੀ ਨੇਤਾਵਾਂ ਦਾ ਮੁਲਾਂਕਣ ਕਰਦੇ ਇੱਕ ਤਿਹਾਈ ਤੋਂ ਵੱਧ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਉਨ੍ਹਾਂ ਵਿੱਚੋਂ ਤਿੰਨ "ਬਹੁਤ ਚੰਗੇ" ਜਾਂ "ਚੰਗੇ" ਪ੍ਰਧਾਨ ਮੰਤਰੀ ਬਣ ਸਕਦੇ ਸਨ: ਜੈਕ ਲੇਟਨ (47%, -5), ਪੀਅਰ ਪੌਲੀਏਵ (39%) ਅਤੇ ਰੌਬਰਟ ਸਟੈਨਫੀਲਡ (34%, +1)। ਪ੍ਰੈਸਟਨ ਮੈਨਿੰਗ (32%, -1), ਟੌਮ ਮਲਕੇਅਰ (30%, -4), ਐਂਡਰਿਊ ਸ਼ੀਅਰ (29%, +2), ਏਰਿਨ ਓ'ਟੂਲ (28%, -3), ਮਾਈਕਲ ਇਗਨਾਟੀਫ (24%, +2), ਸਟਾਕਵੈਲ ਡੇ ਵੀ (24%, -2), ਸਟੀਫਨ ਡੀਓਨ (23% -2), ਰੋਨਾ ਐਂਬਰੋਸ ਵੀ 23%-4)3 ਲਈ ਰੇਟਿੰਗ ਘੱਟ ਰਹੀ। ਇਹ ਨਤੀਜੇ ਕੈਨੇਡਾ ਵਿੱਚ 1,002 ਬਾਲਗਾਂ ਵਿੱਚ 11 ਅਪ੍ਰੈਲ ਤੋਂ 13 ਅਪ੍ਰੈਲ, 2026 ਤੱਕ ਕਰਵਾਏ ਗਏ ਔਨਲਾਈਨ ਸਰਵੇਖਣ 'ਤੇ ਆਧਾਰਿਤ ਹਨ।

# ਬਰੈਂਪਟਨ ਦੇ ਵਕੀਲ ਵਿਕਰਮਜੀਤ ਸਿੰਘ ਔਜਲਾ ਓਨਟਾਰੀਓ ਕੋਰਟ ਆਫ਼ ਜਸਟਿਸ ਦੇ ਜੱਜ ਨਿਯੁਕਤ

ਸਟਾਰ ਨਿਊਜ਼:- ਮਾਨਯੋਗ ਡੱਗ ਡਾਉਨੀ, ਓਨਟਾਰੀਓ ਦੇ ਅਟਾਰਨੀ ਜਨਰਲ ਵਲੋਂ ਓਨਟਾਰੀਓ ਕੋਰਟ ਆਫ਼ ਜਸਟਿਸ ਲਈ ਪੰਜ ਨਵੇਂ ਜੱਜਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਗਿਆ ਹੈ ਇਹ 27 ਮਈ, 2026 ਤੋਂ ਪ੍ਰਭਾਵੀ ਹੋਣਗੀਆਂ। ਪੰਜਾਬ ਨੌਜਵਾਨ ਵਿਕਰਮਜੀਤ ਔਜਲਾ ਨੂੰ ਵੀ ਇਨ੍ਹਾਂ ਪੰਜਾਂ ਜੱਜਾਂ ਵਿੱਚ ਨਿਯੁਕਤੀ ਮਿਲੀ ਹੈ। ਜਸਟਿਸ ਵਿਕਰਮਜੀਤ ਔਜਲਾ ਨੂੰ 2011 ਵਿੱਚ ਓਨਟਾਰੀਓ ਬਾਰ ਵਿੱਚ ਬੁਲਾਇਆ ਗਿਆ ਸੀ। ਉਨ੍ਹਾਂ ਬਰੈਂਪਟਨ ਵਿੱਚ ਪੀਲ ਕਰਾਊਨ ਅਟਾਰਨੀ ਦੇ ਦਫ਼ਤਰ ਵਿੱਚ ਇੱਕ ਸਹਾਇਕ ਕਰਾਊਨ ਅਟਾਰਨੀ ਵਜੋਂ ਆਪਣੇ ਕਾਨੂੰਨੀ ਕੈਰੀਅਰ ਦੀ ਸ਼ੁਰੂਆਤ ਕੀਤੀ, ਜਿੱਥੇ ਉਨ੍ਹਾਂ ਗੰਭੀਰ ਅਤੇ ਗੁੰਝਲਦਾਰ ਅਪਰਾਧਿਕ ਮਾਮਲਿਆਂ ਦੇ ਮੁਕੱਦਮਿਆਂ ਵਿੱਚ ਪੈਰਵੀ ਕੀਤੀ। 2024 ਵਿੱਚ ਉਹ ਔਰੇਂਜਵਿਲੇ ਕ੍ਰਾਊਨ ਅਟਾਰਨੀ ਦੇ ਦਫ਼ਤਰ ਵਿੱਚ ਸ਼ਾਮਲ ਹੋਇਆ ਅਤੇ ਸਾਰੇ ਅਪਰਾਧਿਕ ਮੁਕੱਦਮਿਆਂ ਦੀ ਨਿਗਰਾਨੀ ਕਰਦੇ ਹੋਏ, ਡਫਰਿਨ ਕਾਉਂਟੀ ਲਈ ਕ੍ਰਾਊਨ ਅਟਾਰਨੀ ਬਣੇ। ਉਨ੍ਹਾਂ ਨੂੰ ਸੁਪੀਰੀਅਰ ਕੋਰਟ ਆਫ਼ ਜਸਟਿਸ ਅਤੇ ਓਨਟਾਰੀਓ ਕੋਰਟ ਆਫ਼ ਜਸਟਿਸ ਦੇ ਮਾਮਲਿਆਂ ਦਾ



ਤਜਰਬਾ ਹੈ। ਜਸਟਿਸ ਔਜਲਾ ਬਰੈਂਪਟਨ ਫਲਾਵਰ ਸਿਟੀ ਰੋਟਰੀ ਕਲੱਬ ਦੇ ਮੈਂਬਰ ਹਨ। ਉਹ ਬਰੈਂਪਟਨ ਕੈਲੇਡਨ ਕਮਿਊਨਿਟੀ ਲਿਵਿੰਗ ਦੇ ਬੋਰਡ ਵਿੱਚ ਵੀ ਕੰਮ ਕਰਦੇ ਹਨ, ਇਹ ਇੱਕ ਗੈਰ-ਮੁਨਾਫ਼ਾ ਸੰਸਥਾ ਜੋ ਵਿਕਾਸ ਸੰਬੰਧੀ ਅਸਮਰਥ ਵਿਅਕਤੀਆਂ ਲਈ ਰਿਹਾਇਸ਼ੀ ਸੇਵਾਵਾਂ, ਜੀਵਨ ਹੁਨਰ ਸਿਖਲਾਈ ਅਤੇ ਪਰਿਵਾਰਕ ਸਹਾਇਤਾ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ, ਜਸਟਿਸ ਔਜਲਾ ਬਰੈਂਪਟਨ ਕਮਿਊਨਿਟੀ ਸੇਫਟੀ ਐਡਵਾਈਜ਼ਰੀ ਕਮੇਟੀ ਦੇ ਨਾਗਰਿਕ ਮੈਂਬਰ ਸਨ, ਜੋ ਕਿ ਕਮਿਊਨਿਟੀ ਸੇਫਟੀ ਨਾਲ ਸਬੰਧਤ ਮਾਮਲਿਆਂ 'ਤੇ ਸਿਟੀ ਕਾਉਂਸਿਲ ਲਈ ਇੱਕ ਸਰੋਤ ਵਜੋਂ ਕੰਮ ਕਰਦੀ ਹੈ। ਜਸਟਿਸ ਔਜਲਾ ਨੇ ਯਾਰਕ ਯੂਨੀਵਰਸਿਟੀ ਦੇ ਓਸਗੂਡ ਹਾਲ ਲਾਅ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ। ਚੀਫ਼ ਜਸਟਿਸ ਸ਼ੈਰਨ ਨਿਕਲਸ ਨੇ ਜਸਟਿਸ ਔਜਲਾ ਨੂੰ ਔਰੇਂਜਵਿਲੇ ਦੀ ਜ਼ਿੰਮੇਵਾਰੀ ਸੌਂਪੀ ਹੈ। ਵਿਕਰਮਜੀਤ ਔਜਲਾਂ ਪੰਜਾਬੀ ਭਾਈਚਾਰੇ ਵਿੱਚ ਜਾਣੀਆਂ ਪਛਾਣੀਆਂ ਸਖ਼ਸ਼ੀਅਤਾਂ ਨਾਹਰ ਔਜਲਾ ਅਤੇ ਅਵਤਾਰ ਕੌਰ ਔਜਲਾ ਦੇ ਸਪੁੱਤਰ ਹਨ।

# ਜਲੰਧਰ 'ਚ ਗੁਟਕਾ ਸਾਹਿਬ ਦੀ ਹੋਈ ਬੇਅਦਬੀ ਦੀ ਐਡਵੋਕੇਟ ਧਾਮੀ ਨੇ ਕੀਤੀ ਸਖ਼ਤ ਸ਼ਬਦਾਂ 'ਚ ਨਿੰਦਾ



ਅੰਮ੍ਰਿਤਸਰ: ਜਲੰਧਰ ਦੇ ਰਾਜਾ ਗਾਰਡਨ ਇਲਾਕੇ 'ਚ ਪਾਵਨ ਗੁਰਬਾਣੀ ਦੇ ਗੁਟਕਾ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਉਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮੰਦਭਾਗੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਬੀਤੇ ਕੁਝ ਸਮੇਂ ਤੋਂ ਪਾਵਨ ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਸਰਕਾਰ ਅਤੇ ਪ੍ਰਸ਼ਾਸਨ ਵਲੋਂ ਅਜਿਹੇ ਮਾਮਲਿਆਂ ਵਿਚ ਗੰਭੀਰਤਾ ਅਤੇ ਸਖ਼ਤੀ ਨਾਲ ਕਾਰਵਾਈ ਨਾ ਹੋਣ ਕਾਰਨ ਦੋਸ਼ੀਆਂ ਦੇ ਹੌਸਲੇ ਲਗਾਤਾਰ ਵੱਧ ਰਹੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰਬਾਣੀ ਮਨੁੱਖਤਾ ਨੂੰ ਜੀਵਨ ਜਿਊਣ ਲਈ ਸੇਧ ਪ੍ਰਦਾਨ ਕਰਦਿਆਂ ਸਰਬਸਾਂਝੀਵਾਲਤਾ ਦਾ ਉਪਦੇਸ਼ ਦਿੰਦੀ ਹੈ। ਕੁਝ ਲੋਕ ਬੇਅਦਬੀਆਂ ਦੀਆਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨਾਲ ਜਿਥੇ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਦੇ ਹਨ, ਉਥੇ ਹੀ ਸੂਬੇ ਦੀ ਭਾਈਚਾਰਕ ਸਾਂਝ ਲਈ ਵੀ ਵੱਡਾ ਖ਼ਤਰਾ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦਾ ਫਰਜ ਹੈ ਕਿ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੇ ਨਾਲ-ਨਾਲ ਅਜਿਹੀਆਂ ਘਟਨਾਵਾਂ ਦੇ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਵੀ ਸਾਹਮਣੇ ਲਿਆਏ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਅੰਦਰ ਰੱਖੇ ਗੁਟਕਾ ਸਾਹਿਬ ਤੇ ਪਾਵਨ ਪੋਥੀਆਂ ਦੀ ਮਰਯਾਦਾ ਅਨੁਸਾਰ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ।















# ਖ਼ਾਲਸਾ ਸਾਜਣਾ ਦਿਵਸ ਦੇ ਸਬੰਧ 'ਚ ਲੰਡਨ ਓਨਟਾਰੀਓ ਵਿਖੇ ਸਜਾਏ ਗਏ ਨਗਰ ਕੀਰਤਨ








ਲੰਡਨ ਓਨਟਾਰੀਓ (ਕੰਵਲਜੀਤ ਸਿੰਘ ਕੰਵਲ): ਖ਼ਾਲਸੇ ਦੇ ਸਾਜਣਾ ਦਿਵਸ ਦੇ ਸਬੰਧ 'ਚ ਲੰਡਨ ਸਿੱਖ ਸੁਸਾਇਟੀ ਓਨਟਾਰੀਓ ਵੱਲੋਂ ਨਗਰ ਕੀਰਤਨ ਇੱਥੋਂ ਦੇ ਵਿਕਟੋਰੀਆ ਪਾਰਕ ਵਿਖੇ ਸੰਗਤਾਂ ਵੱਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰੇ ਦਸ ਵਜੇ ਤੋਂ ਚਾਰ ਵਜੇ ਤੱਕ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਕੀਰਤਨੀ ਜੱਥਿਆ ਜਿਹਨਾਂ 'ਚ ਭਾਈ ਅਨੰਤਵੀਰ ਸਿੰਘ, ਭਾਈ ਜਗਜੀਤ ਸਿੰਘ ਬੰਬੀਹਾ ਅਤੇ ਭਾਈ ਮਨਪ੍ਰੀਤ ਸਿੰਘ ਹੁਰਾ ਵੱਲੋਂ ਗੁਰਬਾਣੀ ਦਾ ਗੁਣ ਗਾਣ ਕੀਤਾ ਗਿਆ। ਸੰਗਤਾਂ ਵੱਲੋਂ ਦਰਜਨਾਂ ਵੱਖ-ਵੱਖ ਲੰਗਰਾਂ ਦੇ ਸਟਾਲ ਲਾਏ ਗਏ। ਗੁਰਦੁਆਰਾ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਗਿਆ ਇਹ ਚੌਥਾ ਉਪਰਾਲਾ ਸੀ ਜਿਸ ਵਿੱਚ ਨੇੜਲੇ ਸ਼ਹਿਰਾਂ ਇੰਗਰਸੋਲ, ਵੁੱਡਸਟਾਕ, ਕਿਚਨਰ ਵਾਟਰਲੂ ਦੀਆਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ 'ਚ ਹਿੱਸਾ ਲਿਆ। ਵਿਕਟੋਰੀਆ ਪਾਰਕ ਦੇ ਇਸ ਖੁੱਲ੍ਹੇ ਮੈਦਾਨ 'ਚ ਓਨਟਾਰੀਓ ਪਰੋਵਿਨਸ਼ੀਅਲ ਪੁਲਿਸ, ਜਸਵੰਤ ਸਿੰਘ ਖਾਲੜਾ ਖ਼ਾਲਸਾ ਸਕੂਲ, ਸਿੱਖ ਹੈਰੀਟੇਜ ਮਿਊਜ਼ੀਅਮ, ਸੂਹੇ ਅੱਖਰ ਕਿਤਾਬ ਘਰ ਦੇ ਬੂਥ ਅਤੇ ਹਰ ਉਮਰ ਦੇ ਗੱਤਕਾ ਗਰੱਪ ਸੰਗਤਾਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਸਿਟੀ ਆਫ਼ ਲੰਡਨ ਓਨਟਾਰੀਓ ਦੇ ਮੇਅਰ ਜੋਸ਼ ਮਾਰਗਨ ਅੱਤ ਇਸ ਹਲਕੇ ਦੇ ਮੈਂਬਰ ਪਾਰਲੀਮੈਂਟ ਕੁਰਤ ਹੋਲਮੈਨ ਨੇ ਇਸ ਸ਼ੁਭ ਮੌਕੇ ਤੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਸਿੱਖ ਸੰਗਤਾਂ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਅਦਾ ਵੀ ਕੀਤਾ। ਇਸ ਮੌਕੇ ਗੁਰਦੁਆਰਾ ਕਮੇਟੀ ਵੱਲੋਂ ਪ੍ਰਧਾਨ ਸਰਦਾਰ ਹਕੀਕਤ ਸਿੰਘ ਹੁਰਾਂ ਨੇ ਸਮੂੰਹ ਸੰਗਤਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਅਜਿਹੇ ਕਾਰਜਾਂ ਲਈ ਵਿਡੇ ਸਹਿਯੋਗ ਦੀ ਆਸ ਕੀਤੀ। ਸ਼ਾਮ ਚਾਰ ਵੱਜੇ ਪੰਜ ਨਿਸ਼ਾਨਚੀਆਂ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰੂ ਗ੍ਰੰਥ ਜੀ ਦੀ ਸੁਨਿਹਰੀ ਪਾਲਕੀ ਦੀ ਸ਼ਤਰ ਛਾਇਆ ਇਹ ਨਗਰ ਕੀਰਤਨ ਰਵਾਨਾ ਹੋਇਆ ਸਮਾਪਤੀ ਵੱਲ ਵਧਿਆ।

# ਕੈਨੇਡਾ 'ਚ 2 ਭਾਰਤੀ ਨੌਜਵਾਨਾਂ ਨਾਲ ਵਰਤਿਆ ਭਾਣਾ

## ਹੁਸ਼ਿਆਰਪੁਰ ਦੇ ਹਰਸੀ ਪਿੰਡ ਨਾਲ ਸਬੰਧਤ ਅਮਨਦੀਪ ਨੇ ਦਮ ਤੋੜਿਆ






ਬਰੈਂਪਟਨ : ਸਟੱਡੀ ਵੀਜ਼ਾ 'ਤੇ ਕੈਨੇਡਾ ਪੁੱਜੇ ਭਾਰਤੀ ਨੌਜਵਾਨਾਂ ਨਾਲ ਭਾਣਾ ਵਰਤਣ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਹੁਸ਼ਿਆਰਪੁਰ ਦੇ ਹਰਸੀ ਪਿੰਡ ਨਾਲ ਸਬੰਧਤ ਅਮਨਦੀਪ ਸਿੰਘ ਟੋਰਾਂਟੋ ਦੇ ਹਸਪਤਾਲ ਵਿਚ ਦਮ ਤੋੜ ਗਿਆ ਜੋ 2019 ਵਿਚ ਸਟੱਡੀ ਵੀਜ਼ਾ 'ਤੇ ਕੈਨੇਡਾ ਪੁੱਜਾ ਪਰ ਜੂਨ 2025 ਵਿਚ ਨਾਮੁਰਾਦ ਬਿਮਾਰੀ ਦੀ ਜਕੜ ਵਿਚ ਆਉਣ ਮਗਰੋਂ ਸਿਹਤਯਾਬ ਨਾ ਹੋ ਸਕਿਆ। ਦੂਜੇ ਪਾਸੇ ਹਰਿਆਣਾ ਦੇ ਕੁਰੂਕਸ਼ੇਤਰ ਨਾਲ ਸਬੰਧਤ 22 ਸਾਲਾ ਵੀਰੇਨ ਰੰਗਾ ਨੀਂਦ ਵਿਚ ਹੀ ਦੁਨੀਆਂ ਨੂੰ ਅਲਵਿਦਾ ਆਖ ਗਿਆ। ਬਰੈਂਪਟਨ ਦੀ ਰਵਿੰਦਰ ਕੌਰ ਨੇ ਗੋਫੰਡਮੀ ਪੇਜ ਸਥਾਪਤ ਕਰਦਿਆਂ ਦੱਸਿਆ ਕਿ ਅਮਨਦੀਪ ਸਿੰਘ ਨੇ ਬਹਾਦਰੀ ਨਾਲ ਬਿਮਾਰੀ ਦਾ ਟਾਕਰਾ ਕੀਤਾ।

ਟੋਰਾਂਟੋ ਦੇ ਪ੍ਰਿੰਸੈਸ ਮਾਰਗ੍ਰੇਟ ਕੈਂਸਰ ਸੈਂਟਰ ਵਿਖੇ ਬੋਨ ਮੈਰੋਅ ਟ੍ਰਾਂਸਪਲਾਂਟ ਤੋਂ ਬਾਅਦ ਅਮਨਦੀਪ ਸਿੰਘ ਨੂੰ ਜਨਰਲ ਹਸਪਤਾਲ ਸ਼ਿਫ਼ਟ ਕੀਤਾ ਗਿਆ ਪਰ ਅਣਦੱਸੇ ਕਾਰਨਾਂ ਕਰ ਕੇ ਉਸ ਦੇ ਔਰਗਨਜ਼ ਨੇ ਕੰਮ ਕਰਨਾ ਬੰਦ ਕਰ ਦਿਤਾ ਅਤੇ ਉਸ ਨੂੰ ਬਚਾਇਆ ਨਾ ਜਾ ਸਕਿਆ। ਉਧਰ ਵੀਰੇਨ ਰੰਗਾ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਉਸ ਨੇ ਵੈਨਕੂਵਰ ਵਿਖੇ ਇਲੈਕਟ੍ਰੀਕਲ ਦਾ ਡਿਪਲੋਮਾ ਮੁਕੰਮਲ ਕੀਤਾ ਅਤੇ ਵਰਕ ਪਰਮਿਟ ਦੀ ਉਡੀਕ ਕਰ ਰਿਹਾ ਸੀ। ਵੀਰੇਨ ਦੇ ਤਾਏ ਦੇ ਮੁੰਡੇ ਗੁਰਮੀਤ ਅਤੇ ਗੌਰਵ ਵੀ ਉਸ ਦੇ ਨਾਲ ਹੀ ਰਹਿੰਦੇ ਸਨ ਪਰ ਉਨ੍ਹਾਂ ਨੂੰ ਵੀ ਕਿਸੇ ਚਿੰਤਾ ਜਾਂ ਬਿਮਾਰੀ ਦਾ ਅਹਿਸਾਸ ਨਾ ਹੋਇਆ। ਵੈਨਕੂਵਰ ਪੁਲਿਸ ਵੱਲੋਂ ਵੀਰੇਨ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ ਅਤੇ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਬਾਰੇ ਪਤਾ ਲੱਗ ਸਕਦਾ ਹੈ।

# ਕੈਲੀਫੋਰਨੀਆ ਦੇ ਗਵਰਨਰ ਚੋਣ ਲਈ ਜ਼ੈਵੀਅਰ ਬਸੇਰਾ ਪਹਿਲੇ ਸਥਾਨ 'ਤੇ

## –ਮੇਅਰ ਬੌਬੀ ਸਿੰਘ ਐਲਨ ਅਤੇ ਮਨੀ ਗਰੇਵਾਲ ਵੱਲੋਂ ਹਮਾਇਤ







ਸੈਕਰਾਮੈਂਟੋ : ਜ਼ੈਵੀਅਰ ਬਸੇਰਾ ਨੂੰ ਕੈਲੀਫੋਰਨੀਆ ਦੇ ਅਗਲੇ ਗਵਰਨਰ ਵਜੋਂ ਸਮਰਥਨ ਦੇਣ ਲਈ ਹੁਣ ਕਈ ਸਥਾਨਕ ਨੇਤਾ ਖੁੱਲ੍ਹ ਕੇ ਸਾਹਮਣੇ ਆ ਰਹੇ ਹਨ। ਐਲਕ ਗਰੋਵ ਦੀ ਮੇਅਰ ਬੌਬੀ ਸਿੰਘ ਐਲਨ ਅਤੇ ਸਟੈਨਿਸਲਾਸ ਕਾਊਂਟੀ ਦੇ ਸੁਪਰਵਾਇਜ਼ਰ ਮਨੀ ਗਰੇਵਾਲ ਨੇ ਕਿਹਾ ਕਿ ਕੈਲੀਫੋਰਨੀਆ ਇਸ ਵੇਲੇ ਇਕ ਅਹਿਮ ਮੋੜ 'ਤੇ ਖੜ੍ਹਾ ਹੈ ਅਤੇ ਰਾਜ ਨੂੰ ਅਜਿਹੇ ਆਗੂ ਦੀ ਲੋੜ ਹੈ, ਜੋ ਤਜ਼ਰਬੇਕਾਰ, ਇਮਾਨਦਾਰ ਅਤੇ ਨਤੀਜੇ ਦੇਣ ਵਾਲਾ ਹੋਵੇ।

ਉਨ੍ਹਾਂ ਦੇ ਅਨੁਸਾਰ ਰਾਜ ਵਿਚ ਮਹਿੰਗਾਈ, ਹਾਊਸਿੰਗ ਸੰਕਟ, ਬੇਘਰਪਨ, ਪਬਲਿਕ ਸੇਫਟੀ, ਸਿਹਤ ਸੇਵਾਵਾਂ ਅਤੇ ਆਰਥਿਕ ਅਨਿਸ਼ਚਿਤਤਾ ਵਰਗੀਆਂ ਚੁਣੌਤੀਆਂ ਵਧ ਰਹੀਆਂ ਹਨ। ਅਜਿਹੇ ਸਮੇਂ ਵਿਚ ਸਿਰਫ਼ ਰਾਜਨੀਤਿਕ ਨਾਅਰੇ ਨਹੀਂ, ਸਗੋਂ ਮਜ਼ਬੂਤ ਅਤੇ ਸਮਝਦਾਰ ਪ੍ਰਸ਼ਾਸਨ ਦੀ ਲੋੜ ਹੈ।


ਜ਼ੈਵੀਅਰ ਬਸੇਰਾ ਨੂੰ ਇੱਕ ਜਨ ਸੇਵਕ ਵਜੋਂ ਦੱਸਦਿਆਂ ਹੋਇਆਂ ਇਨ੍ਹਾਂ ਆਗੂਆਂ ਨੇ ਕਿਹਾ ਹੈ ਕਿ ਉਹ ਕਈ ਦਹਾਕਿਆਂ ਤੋਂ ਕੈਲੀਫੋਰਨੀਆ ਅਤੇ ਦੇਸ਼ ਦੀ ਸੇਵਾ ਕਰ ਰਹੇ ਹਨ। ਉਹ ਪਹਿਲਾਂ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰਹਿ ਚੁੱਕੇ ਹਨ, ਲੰਬੇ ਸਮੇਂ ਤੱਕ ਕਾਂਗਰਸ ਮੈਂਬਰ ਰਹੇ ਅਤੇ ਬਾਅਦ ਵਿਚ ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਸਕੱਤਰ ਵਜੋਂ ਵੀ ਕੰਮ ਕੀਤਾ।

ਆਗੂਆਂ ਨੇ ਕਿਹਾ ਕਿ ਸਰਕਾਰ 'ਤੇ ਲੋਕਾਂ ਦਾ ਭਰੋਸਾ ਕਮਜ਼ੋਰ ਹੋ ਰਿਹਾ ਹੈ, ਇਸ ਲਈ ਕੈਲੀਫੋਰਨੀਆ ਨੂੰ ਇੱਕ ਸਥਿਰ ਅਤੇ ਭਰੋਸੇਯੋਗ ਨੇਤਾ ਦੀ ਲੋੜ ਹੈ। ਉਨ੍ਹਾਂ ਮੁਤਾਬਕ ਬਸੇਰਾ ਨੇ ਵੱਡੀਆਂ ਸਰਕਾਰੀ ਸੰਸਥਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ, ਬਜਟ ਸੰਭਾਲਣ ਅਤੇ ਸੰਕਟਾਂ ਦੌਰਾਨ ਫੈਸਲੇ ਲੈਣ ਦੀ ਯੋਗਤਾ ਸਾਬਤ ਕੀਤੀ ਹੈ।

ਉਨ੍ਹਾਂ ਕਿਹਾ ਕਿ ਬਸੇਰਾ ਨੇ ਆਪਣੇ ਪੂਰੇ ਰਾਜਨੀਤਿਕ ਜੀਵਨ ਦੌਰਾਨ ਸਿਹਤ ਸੇਵਾਵਾਂ, ਸਿਵਲ ਅਧਿਕਾਰਾਂ, ਵਾਤਾਵਰਣ ਸੁਰੱਖਿਆ ਅਤੇ ਕੈਲੀਫੋਰਨੀਆ ਲਈ ਫੈਡਰਲ ਫੰਡਾਂ ਦੀ ਰੱਖਿਆ ਲਈ ਲਗਾਤਾਰ ਆਵਾਜ਼ ਉਠਾਈ ਹੈ। ਕੈਲੀਫੋਰਨੀਆ ਦੇ ਅਟਾਰਨੀ ਜਨਰਲ ਵਜੋਂ ਉਨ੍ਹਾਂ ਨੇ ਕੇਂਦਰੀ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਵੀ ਕੀਤਾ, ਜਦੋਂ ਰਾਜ ਦੇ ਹੱਕਾਂ ਨੂੰ ਖ਼ਤਰਾ ਮਹਿਸੂਸ ਹੋਇਆ।

ਉਨ੍ਹਾਂ ਦੀ ਸਿਹਤ ਖੇਤਰ ਵਿਚ ਮਹਾਰਤ ਨੂੰ ਵੀ ਮਹੱਤਵਪੂਰਨ ਦੱਸਿਆ ਗਿਆ ਹੈ। ਕੈਲੀਫੋਰਨੀਆ ਵਿਚ ਵਧ ਰਹੇ ਸਿਹਤ ਖਰਚੇ, ਮਾਨਸਿਕ ਸਿਹਤ ਸੰਕਟ ਅਤੇ ਬੇਘਰਪਨ ਵਰਗੇ ਮਸਲੇ ਸਿੱਧੇ ਤੌਰ 'ਤੇ ਪਬਲਿਕ ਹੈਲਥ ਨਾਲ ਜੁੜੇ ਹੋਏ ਹਨ। ਕੋਵਿਡ ਮਹਾਂਮਾਰੀ ਵਰਗੇ ਮੁਸ਼ਕਲ ਸਮੇਂ ਦੌਰਾਨ ਜ਼ੈਵੀਅਰ ਬਸੇਰਾ ਨੇ ਦੇਸ਼ ਪੱਧਰ 'ਤੇ ਸਿਹਤ ਪ੍ਰਬੰਧਨ 'ਚ ਅਹਿਮ ਭੂਮਿਕਾ ਨਿਭਾਈ ਸੀ।

# ਕੈਨੇਡਾ 'ਚ ਫਿਰੌਤੀ ਤੇ ਗੋਲੀਬਾਰੀ ਮਾਮਲੇ 'ਚ 22 ਸਾਲਾ ਪੰਜਾਬੀ ਨੌਜਵਾਨ ਗੁਰਸੇਵਕ ਸਿੰਘ ਗ੍ਰਿਫ਼ਤਾਰ



ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਕਾਰੋਬਾਰੀਆਂ ਤੋਂ ਫਿਰੌਤੀਆਂ ਮੰਗਣ ਅਤੇ ਡਰਾਉਣ-ਧਮਕਾਉਣ ਲਈ ਗੋਲੀਬਾਰੀ ਕਰਨ ਦੇ ਮਾਮਲੇ ਵਿੱਚ ਸਰੀ ਪੁਲੀਸ ਨੂੰ ਇੱਕ ਵੱਡੀ ਸਫ਼ਲਤਾ ਹਾਸਲ ਹੋਈ ਹੈ। ਪੁਲੀਸ ਨੇ ਲੰਘੇ ਦਸੰਬਰ ਮਹੀਨੇ ਵਾਪਰੀਆਂ ਵਾਰਦਾਤਾਂ ਦੇ ਸਬੰਧ ਵਿੱਚ 22 ਸਾਲਾਂ ਦੇ ਇੱਕ ਪੰਜਾਬੀ ਨੌਜਵਾਨ ਗੁਰਸੇਵਕ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਖ਼ਿਲਾਫ਼ ਸਰੀ ਅਤੇ ਐਬਸਫੋਰਡ ਪੁਲੀਸ ਵੱਲੋਂ ਸਖ਼ਤ ਕਾਨੂੰਨੀ ਧਾਰਾਵਾਂ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ।

ਪੁਲੀਸ ਵੱਲੋਂ ਸਾਂਝੀ ਕੀਤੀ ਜਾਣਕਾਰੀ ਅਨੁਸਾਰ, ਗੁਰਸੇਵਕ ਸਿੰਘ 'ਤੇ ਸਰੀ ਪੁਲੀਸ ਵੱਲੋਂ 9 ਅਤੇ ਐਬਸਫੋਰਡ ਪੁਲੀਸ ਵੱਲੋਂ ਵੱਖ-ਵੱਖ ਧਾਰਾਵਾਂ ਹੇਠ 6 ਸੰਗੀਨ ਦੋਸ਼ ਆਇਦ ਕੀਤੇ ਗਏ ਹਨ। ਜਾਂਚ ਅਧਿਕਾਰੀਆਂ ਮੁਤਾਬਕ ਉਕਤ ਮੁਲਜ਼ਮ ਨੇ ਪਹਿਲਾਂ ਸਰੀ ਵਿੱਚ ਦੋ ਵੱਖ-ਵੱਖ ਕਾਰੋਬਾਰੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਫਿਰ ਐਬਸਫੋਰਡ ਵਿੱਚ ਇੱਕ ਕਾਰੋਬਾਰੀ ਸਥਾਨ 'ਤੇ ਵਾਰਦਾਤ ਨੂੰ ਅੰਜਾਮ ਦਿੱਤਾ। ਇਨ੍ਹਾਂ ਥਾਵਾਂ 'ਤੇ ਪਹਿਲਾਂ ਮੋਟੀਆਂ ਫਿਰੌਤੀਆਂ ਦੀ ਮੰਗ ਕੀਤੀ ਗਈ ਅਤੇ ਬਾਅਦ ਵਿੱਚ ਦਹਿਸ਼ਤ ਫੈਲਾਉਣ ਦੇ ਮਕਸਦ ਨਾਲ ਅੰਨ੍ਹੇਵਾਹ ਗੋਲੀਬਾਰੀ ਕੀਤੀ ਗਈ।

ਰਾਹਤ ਦੀ ਗੱਲ ਇਹ ਰਹੀ ਕਿ ਇਨ੍ਹਾਂ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਗੋਲੀਆਂ ਲੱਗਣ ਕਾਰਨ ਕਾਰੋਬਾਰੀ ਸਥਾਨਾਂ ਦੀਆਂ ਇਮਾਰਤਾਂ ਦੀ ਭੰਨ-ਤੋੜ ਹੋਈ ਅਤੇ ਉੱਥੇ ਖੜ੍ਹੇ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ ਸਨ। ਇਸ ਹਾਈ-ਪ੍ਰੋਫਾਈਲ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲੀਸ ਵੱਲੋਂ ਇੱਕ ਵਿਸ਼ੇਸ਼ ਟੀਮ ਗਠਿਤ ਕਰਕੇ ਲੰਬੀ ਅਤੇ ਬਾਰੀਕੀ ਨਾਲ ਜਾਂਚ ਕੀਤੀ ਗਈ। ਡਿਜੀਟਲ ਸਬੂਤਾਂ ਅਤੇ ਖੁਫ਼ੀਆ ਜਾਣਕਾਰੀਆਂ ਦੇ ਆਧਾਰ 'ਤੇ ਆਖ਼ਰਕਾਰ ਮੁਲਜ਼ਮ ਦੀ ਪਛਾਣ ਕਰਕੇ ਉਸ ਨੂੰ ਸਬੂਤਾਂ ਸਮੇਤ ਦਬੋਚ ਲਿਆ ਗਿਆ। ਪੁਲੀਸ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਨੌਜਵਾਨ ਨੂੰ ਅਗਲੇ ਹਫ਼ਤੇ ਸਥਾਨਕ ਅਦਾਲਤ ਵਿੱਚ ਪੇਸ਼ ਕਰਕੇ ਕਾਨੂੰਨੀ ਰਿਮਾਂਡ ਹਾਸਲ ਕੀਤਾ ਜਾਵੇਗਾ।

ਸਰੀ ਪੁਲੀਸ ਦੇ ਉੱਚ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਕੈਨੇਡਾ ਦੀ ਧਰਤੀ 'ਤੇ ਅਜਿਹੀਆਂ ਗੈਂਗਸਟਰਵਾਦੀ ਅਤੇ ਫਿਰੌਤੀ ਦੀਆਂ ਗਤੀਵਿਧੀਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲੀਸ ਫ਼ੋਰਸ ਅਪਰਾਧੀਆਂ ਦੀ ਸੂਹ ਕੱਢ ਕੇ ਉਨ੍ਹਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕਰਨ ਲਈ ਪੂਰੀ ਵਾਹ ਲਾ ਰਹੀ ਹੈ, ਜਿਸ ਦੇ ਹੁਣ ਸਕਾਰਾਤਮਕ ਨਤੀਜੇ ਸਾਹਮਣੇ ਆਉਣ ਲੱਗੇ ਹਨ। ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਅਪਰਾਧੀਆਂ ਬਾਰੇ ਦੱਸਣ ਵਾਲਿਆਂ ਲਈ ਲੱਖਾਂ ਡਾਲਰਾਂ ਦੀ ਇਨਾਮੀ ਰਾਸ਼ੀ ਦਾ ਐਲਾਨ ਕੀਤਾ ਗਿਆ ਹੈ। ਇਸ ਸਕੀਮ ਦੇ ਹਾਂ-ਪੱਖੀ ਨਤੀਜੇ ਦੇਖਣ ਨੂੰ ਮਿਲ ਰਹੇ ਹਨ ਅਤੇ ਆਮ ਲੋਕ ਹੁਣ ਖ਼ੁਦ ਅੱਗੇ ਆ ਕੇ ਪੁਲੀਸ ਦੀ ਮਦਦ ਕਰ ਰਹੇ ਹਨ, ਜਿਸ ਸਦਕਾ ਅਜਿਹੇ ਅਨਸਰਾਂ ਦੀਆਂ ਗ੍ਰਿਫ਼ਤਾਰੀਆਂ ਸੰਭਵ ਹੋ ਰਹੀਆਂ ਹਨ।

# ਕੈਨੇਡਾ ਵਿੱਚ ਪੰਜਾਬੀ "ਚੱਕ ਦੇ" ਵਿਸਕੀ ਦੇ ਚਰਚੇ

ਓਨਟਾਰੀਓ ਦੇ ਅਮਰੀਕੀ ਬਾਰਡਰ ਨਾਲ ਲੱਗਦੇ ਸੁੰਦਰ ਨਿਆਗਰਾ ਖੇਤਰ ਵਿੱਚ ਇਕ ਇੰਡੋ-ਕੈਨੇਡੀਅਨ ਸਫ਼ਲਤਾ ਦੀ ਕਹਾਣੀ ਚੁੱਪ-ਚਾਪ ਇਤਿਹਾਸ ਰਚ ਰਹੀ ਹੈ। NB Distillers ਇੱਕ ਭਾਰਤੀ ਪਰਿਵਾਰ ਦੀ ਮਲਕੀਅਤ ਵਾਲੀ ਕੈਨੇਡਾ ਦੀ ਪਹਿਲੀ ਡਿਸਟਿਲਰੀ ਹੈ, ਜੋ ਉੱਦਮਤਾ, ਜਨੂੰਨ ਅਤੇ ਕੈਨੇਡਾ-ਭਾਰਤ ਵਿਚਕਾਰ ਸੱਭਿਆਚਾਰਕ ਸਬੰਧਾਂ ਦਾ ਪ੍ਰਤੀਕ ਬਣ ਚੁੱਕੀ ਹੈ।

2018 ਵਿੱਚ ਸਥਾਪਿਤ ਕੀਤੀ ਗਈ NB Distillers ਨੇ ਪ੍ਰੀਮੀਅਮ ਗੁਣਵੱਤਾ ਵਾਲੀਆਂ ਸਪਿਰਿਟ ਤਿਆਰ ਕਰਨ ਦੇ ਵਿਜ਼ਨ ਨਾਲ ਸ਼ੁਰੂਆਤ ਕੀਤੀ ਸੀ, ਤਾਂ ਜੋ ਪਰਿਵਾਰਾਂ, ਭਾਈਚਾਰਿਆਂ ਅਤੇ ਜਸ਼ਨਾਂ ਨੂੰ ਇਕੱਠਾ ਲਿਆਂਦਾ ਜਾ ਸਕੇ। ਜੋ ਇੱਕ ਸੁਪਨਾ ਸੀ, ਉਹ ਅੱਜ ਕੈਨੇਡਾ ਦੀਆਂ ਸਭ ਤੋਂ ਵਿਲੱਖਣ ਅਤੇ ਤੇਜ਼ੀ ਨਾਲ ਉਭਰ ਰਹੀਆਂ ਕਰਾਫਟ ਡਿਸਟਿਲਰੀਆਂ ਵਿੱਚ ਸ਼ਾਮਲ ਹੋ ਚੁੱਕਾ ਹੈ।







ਅੱਜ NB Distillers ਵਿਸਕੀ, ਵੋਡਕਾ, ਜਿਨ ਅਤੇ ਰਮ ਸਮੇਤ ਪ੍ਰੀਮੀਅਮ ਸਪਿਰਿਟ ਦਾ ਵਿਸ਼ਾਲ ਪੋਰਟਫੋਲੀਓ ਤਿਆਰ ਕਰ ਰਹੀ ਹੈ। ਕੰਪਨੀ ਵੱਲੋਂ ਵੋਡਕਾ ਦੇ 10 ਵੱਖ-ਵੱਖ ਫਲੇਵਰ, ਜਿਨ ਦੀਆਂ 2 ਕਿਸਮਾਂ, ਰਮ ਦੀਆਂ 3 ਕਿਸਮਾਂ ਅਤੇ ਵਿਸਕੀ ਦੀਆਂ 3 ਕਿਸਮਾਂ ਪੇਸ਼ ਕੀਤੀਆਂ ਗਈਆਂ ਹਨ। ਇਹ ਸਾਰੇ ਉਤਪਾਦ ਉੱਚ ਗੁਣਵੱਤਾ ਵਾਲੀਆਂ ਸਮੱਗਰੀਆਂ ਅਤੇ ਨਵੀਨਤਾ ਨਾਲ ਤਿਆਰ ਕੀਤੇ ਜਾਂਦੇ ਹਨ।

ਕੰਪਨੀ ਦਾ ਸਭ ਤੋਂ ਪ੍ਰਸਿੱਧ ਉਤਪਾਦ "ਚੱਕ ਦੇ" ਵਿਸਕੀ ਹੈ — ਛੇ ਸਾਲ ਪੁਰਾਣੀ ਕੈਨੇਡੀਅਨ ਵਿਸਕੀ, ਜੋ ਬੋਰਬਨ ਬੈਰਲ ਵਿੱਚ ਪਕਾਈ ਜਾਂਦੀ ਹੈ। ਆਪਣੇ ਨਿਰਵਿਘਨ ਸੁਆਦ, ਪ੍ਰੀਮੀਅਮ ਫਿਨਿਸ਼ ਅਤੇ ਵਿਲੱਖਣ ਗੁਣਵੱਤਾ ਕਾਰਨ "ਚੱਕ ਦੇ" ਵਿਸਕੀ ਨੇ ਕੈਨੇਡਾ ਭਰ ਵਿੱਚ, ਖਾਸ ਕਰਕੇ ਇੰਡੋ-ਕੈਨੇਡੀਅਨ ਭਾਈਚਾਰੇ ਵਿੱਚ, ਵੱਡੀ ਪ੍ਰਸਿੱਧੀ ਹਾਸਲ ਕੀਤੀ ਹੈ।

ਕੰਪਨੀ ਦੇ ਸੰਸਥਾਪਕਾਂ ਦਾ ਮੰਨਣਾ ਹੈ ਕਿ ਇਹ ਸਫ਼ਰ ਕੈਨੇਡਾ ਦੇ ਭਾਰਤੀ ਭਾਈਚਾਰੇ ਦੇ ਪਿਆਰ ਅਤੇ ਸਮਰਥਨ ਤੋਂ ਬਿਨਾਂ ਸੰਭਵ ਨਹੀਂ ਸੀ। ਰੈਸਟੋਰੈਂਟਾਂ, ਵਿਆਹ ਸਮਾਗਮਾਂ, ਗੋਲਫ ਟੂਰਨਾਮੈਂਟਾਂ ਅਤੇ ਕਮਿਊਨਿਟੀ ਪ੍ਰੋਗਰਾਮਾਂ ਵਿੱਚ ਇੰਡੋ-ਕੈਨੇਡੀਅਨ ਭਾਈਚਾਰੇ ਨੇ ਇਸ ਬ੍ਰਾਂਡ ਨੂੰ ਮਾਣ ਨਾਲ ਅਪਣਾਇਆ ਹੈ।

ਕੰਪਨੀ ਦੀ ਟੀਮ ਕਹਿੰਦੀ ਹੈ,

"ਸਾਡੇ ਲਈ ਇਹ ਮਾਣ ਦੀ ਗੱਲ ਹੈ ਕਿ ਸਾਡਾ ਭਾਈਚਾਰਾ ਇੱਕ ਪੰਜਾਬੀ (ਭਾਰਤੀ) ਪਰਿਵਾਰ ਦੀ ਮਲਕੀਅਤ ਵਾਲੀ ਕੈਨੇਡੀਅਨ ਡਿਸਟਿਲਰੀ ਨੂੰ ਇੰਨਾ ਪਿਆਰ ਦੇ ਰਿਹਾ ਹੈ। ਸਾਨੂੰ ਆਪਣੀ ਭਾਰਤੀ ਵਿਰਾਸਤ ਅਤੇ ਕੈਨੇਡੀਅਨ ਪਛਾਣ ਦੋਵਾਂ ਦੀ ਨੁਮਾਇੰਦਗੀ ਕਰਨ 'ਤੇ ਮਾਣ ਹੈ।"

NB Distillers ਓਨਟਾਰੀਓ ਵਿੱਚ ਚੈਰੀਟੇਬਲ ਅਤੇ ਸੱਭਿਆਚਾਰਕ ਸਮਾਗਮਾਂ ਦਾ ਸਮਰਥਨ ਕਰਨ ਲਈ ਵੀ ਜਾਣੀ ਜਾਂਦੀ ਹੈ। ਸਾਲਾਂ ਤੋਂ ਕੰਪਨੀ ਨੇ ਕਈ ਕਮਿਊਨਿਟੀ ਇਕੱਠਾਂ, ਫੰਡਰੇਜ਼ਰਾਂ ਅਤੇ ਜਸ਼ਨਾਂ ਵਿੱਚ ਸਰਗਰਮ ਭੂਮਿਕਾ ਨਿਭਾਈ ਹੈ।

ਹੁਣ ਕੰਪਨੀ ਆਪਣੀ ਯਾਤਰਾ ਦਾ ਅਗਲਾ ਅਧਿਆਇ ਸ਼ੁਰੂ ਕਰਨ ਜਾ ਰਹੀ ਹੈ। NB Distillers ਭਾਰਤ ਵਿੱਚ ਵਿਸਥਾਰ ਦੀ ਤਿਆਰੀ ਕਰ ਰਹੀ ਹੈ, ਜਿੱਥੇ ਉਹ ਪ੍ਰਮਾਣਿਕ ਕੈਨੇਡੀਅਨ ਵਿਸਕੀ ਅਤੇ ਪ੍ਰੀਮੀਅਮ ਸਪਿਰਿਟ ਭਾਰਤੀ ਖਪਤਕਾਰਾਂ ਤੱਕ ਲਿਜਾਣ ਦੀ ਯੋਜਨਾ ਬਣਾ ਰਹੀ ਹੈ।

ਸੰਸਥਾਪਕਾਂ ਲਈ ਇਹ ਸਿਰਫ਼ ਵਪਾਰਕ ਮੀਲ ਪੱਥਰ ਨਹੀਂ, ਸਗੋਂ ਇੱਕ ਭਾਵਨਾਤਮਕ ਪਲ ਵੀ ਹੈ।

"ਇੱਕ ਭਾਰਤੀ ਪਰਿਵਾਰ ਵਜੋਂ ਕੈਨੇਡਾ ਵਿੱਚ ਡਿਸਟਿਲਰੀ ਬਣਾਕੇ ਹੁਣ ਕੈਨੇਡੀਅਨ ਵਿਸਕੀ ਨੂੰ ਭਾਰਤ ਤੱਕ ਲਿਜਾਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਇਹ ਸਫ਼ਰ ਪੂਰਾ ਚੱਕਰ ਪੂਰਾ ਹੋਣ ਵਰਗਾ ਮਹਿਸੂਸ ਹੁੰਦਾ ਹੈ।"

ਮਜ਼ਬੂਤ ਪਰਿਵਾਰਕ ਮੁੱਲਾਂ, ਗੁਣਵੱਤਾ ਪ੍ਰਤੀ ਵਚਨਬੱਧਤਾ ਅਤੇ ਵਿਸ਼ਵ ਪੱਧਰੀ ਸੋਚ ਨਾਲ NB Distillers ਆਧੁਨਿਕ ਇੰਡੋ-ਕੈਨੇਡੀਅਨ ਉੱਦਮਤਾ ਦੀ ਸ਼ਾਨਦਾਰ ਮਿਸਾਲ ਬਣ ਚੁੱਕੀ ਹੈ। ਨਿਆਗਰਾ ਤੋਂ ਭਾਰਤ ਤੱਕ, NB Distillers ਸੱਭਿਆਚਾਰ, ਕਾਰੀਗਰੀ ਅਤੇ ਭਾਈਚਾਰੇ ਦੇ ਨਾਮ ਇੱਕ ਜਾਮ ਚੁੱਕ ਰਹੀ ਹੈ।

ਇਸ ਕੰਪਨੀ ਦੇ ਫਾਊਂਡਰ Neeraj Bakshi ਜਲੰਧਰ ਨਾਲ ਸਬੰਧਿਤ ਹਨ। ਉਹ ਨਿਮਰ ਸੁਭਾਅ ਅਤੇ ਮਿਹਨਤੀ ਸ਼ਖਸੀਅਤ ਦੇ ਮਾਲਕ ਹਨ, ਜਿਨ੍ਹਾਂ ਦੀ ਅਗਵਾਈ ਹੇਠ ਟੀਮ ਲਗਾਤਾਰ ਅੱਗੇ ਵੱਧ ਰਹੀ ਹੈ। ਕੰਪਨੀ ਦਾ ਸੰਪਰਕ ਨੰ.: 905-732-9998

–ਬਲਜਿੰਦਰ ਸੇਖਾ



# ਸੁਰਜੀਤ ਸਿੰਘ ਰੱਖੜਾ 'ਆਪ' 'ਚ ਹੋਏ ਸ਼ਾਮਲ



ਸੁਰਜੀਤ ਸਿੰਘ ਰੱਖੜਾ ਅੱਜ 'ਆਪ' ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਵਿਚ ਸ਼ਾਮਲ ਕਰਵਾਇਆ। ਇਸ ਤੋਂ ਪਹਿਲਾਂ ਜਲੰਧਰ ਵਿਚ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੌਰਾਨ ਸੁਰਜੀਤ ਸਿੰਘ ਰੱਖੜਾ ਨੂੰ ਪਾਰਟੀ ਵਿੱਚੋਂ ਬਾਹਰ ਕੱਢਣ ਦਾ ਫੈਸਲਾ ਲਿਆ ਗਿਆ ਸੀ।

ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਸੀ ਕਿ ਸੁਰਜੀਤ ਸਿੰਘ ਰੱਖੜਾ ਪਾਰਟੀ ਦੀ ਕੋਰ ਕਮੇਟੀ ਅਤੇ ਸਿਆਸੀ ਮਾਮਲਿਆਂ ਦੀ ਕਮੇਟੀ ਦੇ ਇੱਕ ਸਰਗਰਮ ਮੈਂਬਰ ਸਨ ਪਰ ਉਹਨਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਕਾਰਨ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ। ਇਸ ਤੋਂ ਬਾਅਦ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਅਕਾਲੀ ਦਲ (ਪੁਨਰ ਸੁਰਜੀਤ) ਕੋਲ ਉਹਨਾਂ ਨੂੰ ਪਾਰਟੀ ਵਿੱਚੋਂ ਕੱਢਣ ਦਾ ਪੂਰਾ ਹੱਕ ਹੈ ਕਿਉਂਕਿ ਉਹਨਾਂ ਨੇ ਪਹਿਲਾਂ ਹੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦੀ ਆਪਣੀ ਇੱਛਾ ਬਾਰੇ ਦੱਸ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਸੁਰਜੀਤ ਰੱਖੜਾ ਕਾਫੀ ਸਮੇਂ ਤੋਂ ਰਾਜਨੀਤਕ ਖੇਤਰ 'ਚ ਸਰਗਰਮ ਹਨ। ਉਹ ਸ਼ੁਰੂ 'ਚ ਇਸੇ ਇਲਾਕੇ ਨਾਲ ਸਬੰਧਤ ਗੁਰਚਰਨ ਸਿੰਘ ਟੌਹੜਾ ਨਾਲ ਜੁੜੇ ਹੋਏ ਸਨ ਪਰ 1999 'ਚ ਅਕਾਲੀ ਦਲ ਦੀ ਧੜੇਬੰਦੀ ਦੌਰਾਨ ਬਾਦਲ ਧੜੇ ਨੇ ਸੁਰਜੀਤ ਸਿੰਘ ਰੱਖੜਾ ਨੂੰ ਆਪਣੇ ਨਾਲ ਜੋੜਦਿਆਂ ਪਟਿਆਲਾ ਤੋਂ ਲੋਕ ਸਭਾ ਦੀ ਚੋਣ ਲੜਾਈ ਸੀ। ਇਸ ਤੋਂ ਬਾਅਦ 2002 'ਚ ਸੁਰਜੀਤ ਸਿੰਘ ਰੱਖੜਾ ਸਮਾਣਾ ਹਲਕੇ ਤੋਂ ਬਾਦਲ ਦਲ ਤੋਂ ਵਿਧਾਇਕ ਬਣੇ, ਪਰ 2007 'ਚ ਹਾਰ ਗਏ ਤੇ 2012 'ਚ ਮੁੜ ਸਮਾਣਾ ਤੋਂ ਹੀ ਵਿਧਾਇਕ ਬਣ ਕੇ ਬਾਦਲ ਸਰਕਾਰ 'ਚ ਪੰਚਾਇਤ ਮੰਤਰੀ ਵੀ ਬਣੇ ਪਰ ਇਸ ਤੋਂ ਬਾਅਦ ਉਹ 2017 ਅਤੇ 2022 ਦੀਆਂ ਚੋਣਾਂ ਵੀ ਹਾਰ ਗਏ।

## ਰਾਏਕੋਟ ਦੀ ਕੋਮਲਪ੍ਰੀਤ ਕੌਰ ਦੀ ਮੌਤ

ਪਰਥ (ਆਸਟਰੇਲੀਆ) ਵਿੱਚ ਹਾਦਸੇ 'ਚ ਰਾਏਕੋਟ ਸ਼ਹਿਰ ਦੀ ਲੜਕੀ ਦੀ ਮੌਤ ਹੋ ਗਈ। ਲੜਕੀ ਦੀ ਪਛਾਣ ਕੋਮਲਪ੍ਰੀਤ ਕੌਰ (19) ਪੁੱਤਰੀ ਸੂਬੇਦਾਰ ਅਮਰੀਕ ਸਿੰਘ ਵਜੋਂ ਹੋਈ ਹੈ। ਪਰਿਵਾਰ ਤੋਂ ਮਿਲੀ ਜਾਣਕਾਰੀ ਅਨੁਸਾਰ ਕੋਮਲਪ੍ਰੀਤ ਕੌਰ ਨੂੰ ਨਰਸਿੰਗ ਦੇ ਕੋਰਸ ਲਈ ਆਸਟਰੇਲੀਆ ਦੇ ਸਟੈਨਲੇ ਕਾਲਜ 'ਚ ਦਾਖਲਾ ਮਿਲਿਆ ਸੀ। ਉਹ ਕੈਨਿੰਗਵੇਲ ਇਲਾਕੇ 'ਚ ਪੜ੍ਹਾਈ ਦੇ ਨਾਲ-ਨਾਲ ਨੌਕਰੀ ਵੀ ਕਰਦੀ ਸੀ। ਸ਼ਨਿਚਰਵਾਰ ਨੂੰ ਰਾਤ ਦੀ ਡਿਊਟੀ ਉਪਰੰਤ ਕੋਮਲਪ੍ਰੀਤ ਜਦੋਂ ਪੈਦਲ ਘਰ ਵੱਲ ਜਾ ਰਹੀ ਸੀ ਤਾਂ ਤੇਜ਼ ਰਫ਼ਤਾਰ ਕਾਰ ਨੇ ਉਸ ਨੂੰ ਟੱਕਰ ਮਾਰ ਦਿੱਤੀ। ਜ਼ਖ਼ਮੀ ਹਾਲਤ ਵਿੱਚ ਕੋਮਲਪ੍ਰੀਤ ਨੂੰ ਰੌਇਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

# NEET-UG 2026 ਪੇਪਰ ਲੀਕ: ਲੇਡੀ ਮਾਸਟਰਮਾਈਂਡ ਆਈ ਅੜਿੱਕੇ

## CBI ਜਾਂਚ 'ਚ ਹੋਇਆ ਖੁਲਾਸਾ




ਨਵੀਂ ਦਿੱਲੀ: ਦੇਸ਼ ਦੀ ਸਭ ਤੋਂ ਵੱਡੀ ਮੈਡੀਕਲ ਦਾਖਲਾ ਪ੍ਰੀਖਿਆ NEET-UG 2026 ਇੱਕ ਵਾਰ ਫਿਰ ਵਿਵਾਦਾਂ 'ਚ ਆ ਗਈ ਹੈ। ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਜੁੜੇ ਇਸ ਮਾਮਲੇ ਵਿੱਚ Central Bureau of Investigation (CBI) ਨੇ ਐਸਾ ਖੁਲਾਸਾ ਕੀਤਾ ਹੈ ਜਿਸ ਨਾਲ ਪੂਰਾ ਸਿੱਖਿਆ ਤੰਤਰ ਹਿਲ ਗਿਆ ਹੈ। ਜਾਂਚ ਏਜੰਸੀ ਨੇ ਪੂਨੇ ਦੀ ਇੱਕ ਸੀਨੀਅਰ ਬੋਟਨੀ ਅਧਿਆਪਕਾ ਮਨੀਸ਼ਾ ਗੁਰੂਨਾਥ ਮੰਧਾਰੇ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸਨੂੰ ਬਾਇਓਲੋਜੀ ਪ੍ਰਸ਼ਨ ਪੱਤਰ ਲੀਕ ਦਾ ਮੁੱਖ ਸਾਜ਼ਿਸ਼ਕਾਰ ਮੰਨਿਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਉਹ ਖੁਦ NTA ਵੱਲੋਂ ਨਿਯੁਕਤ ਐਕਸਪਰਟ ਸੀ ਅਤੇ ਉਸਦੇ ਕੋਲ ਪੇਪਰਾਂ ਤੱਕ ਸਿੱਧੀ ਪਹੁੰਚ ਸੀ।

'ਸੀਕਰਟ ਕਲਾਸਾਂ' ਰਾਹੀਂ ਲੀਕ ਹੋਏ ਸਵਾਲ

CBI ਦੇ ਅਨੁਸਾਰ, ਮਨੀਸ਼ਾ ਮੰਧਾਰੇ ਪ੍ਰੀਖਿਆ ਪ੍ਰਕਿਰਿਆ ਦਾ ਅਹਿਮ ਹਿੱਸਾ ਸੀ ਅਤੇ ਉਸਨੂੰ ਬੋਟਨੀ ਅਤੇ ਜ਼ੂਲੌਜੀ ਦੇ ਪ੍ਰਸ਼ਨ ਪੱਤਰਾਂ ਤੱਕ ਖਾਸ ਪਹੁੰਚ ਮਿਲੀ ਹੋਈ ਸੀ। ਦੋਸ਼ ਹੈ ਕਿ ਉਸਨੇ ਆਪਣੀ ਜ਼ਿੰਮੇਵਾਰੀ ਦਾ ਗਲਤ ਫਾਇਦਾ ਚੁੱਕਦਿਆਂ ਪ੍ਰੀਖਿਆ ਤੋਂ ਪਹਿਲਾਂ ਚੋਣਵੇਂ ਸਵਾਲ ਬਾਹਰ ਪਹੁੰਚਾਏ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਉਸਨੇ ਇੱਕ ਨੈੱਟਵਰਕ ਬਣਾਇਆ ਹੋਇਆ ਸੀ, ਜਿਸ ਰਾਹੀਂ ਗੁਪਤ ਜਾਣਕਾਰੀ ਵਿਦਿਆਰਥੀਆਂ ਤੱਕ ਪਹੁੰਚਾਈ ਜਾਂਦੀ ਸੀ। ਅਪ੍ਰੈਲ 2026 ਵਿੱਚ ਪੂਨੇ ਵਿੱਚ ਕੁਝ ਵਿਦਿਆਰਥੀਆਂ ਨੂੰ ਇਕੱਠਾ ਕਰਕੇ ਉਸਨੇ ਆਪਣੇ ਘਰ 'ਚ ਖਾਸ ਕਲਾਸਾਂ ਲਗਾਈਆਂ। ਇਨ੍ਹਾਂ ਕਲਾਸਾਂ ਵਿੱਚ ਵਿਦਿਆਰਥੀਆਂ ਨੂੰ ਮਹੱਤਵਪੂਰਨ ਸਵਾਲ ਸਮਝਾਏ ਗਏ, ਨੋਟ ਕਰਵਾਏ ਗਏ ਅਤੇ ਕਿਤਾਬਾਂ ਵਿੱਚ ਨਿਸ਼ਾਨ ਲਗਵਾਏ ਗਏ। ਬਾਅਦ ਵਿੱਚ ਇਹੀ ਸਵਾਲ 3 ਮਈ ਨੂੰ ਹੋਈ ਅਸਲ ਪ੍ਰੀਖਿਆ ਵਿੱਚ ਆ ਗਏ।

ਛਾਪੇਮਾਰੀ 'ਚ ਮਿਲੇ ਸਬੂਤ, ਕਈ ਗ੍ਰਿਫ਼ਤਾਰੀਆਂ

ਪਿਛਲੇ 24 ਘੰਟਿਆਂ ਦੌਰਾਨ CBI ਨੇ ਦੇਸ਼ ਦੇ 6 ਵੱਖ-ਵੱਖ ਥਾਵਾਂ 'ਤੇ ਛਾਪੇ ਮਾਰੇ ਹਨ। ਇਸ ਦੌਰਾਨ ਲੈਪਟਾਪ, ਮੋਬਾਈਲ ਫੋਨ, ਬੈਂਕ ਸਟੇਟਮੈਂਟ ਅਤੇ ਹੋਰ ਕਈ ਮਹੱਤਵਪੂਰਨ ਦਸਤਾਵੇਜ਼ ਜ਼ਬਤ ਕੀਤੇ ਗਏ ਹਨ। ਹੁਣ ਏਜੰਸੀ ਡਿਜ਼ਿਟਲ ਡਾਟਾ ਅਤੇ ਪੈਸਿਆਂ ਦੇ ਲੈਣ-ਦੇਣ ਦੀ ਜਾਂਚ ਕਰ ਰਹੀ ਹੈ ਤਾਂ ਜੋ ਇਹ ਪਤਾ ਲੱਗ ਸਕੇ ਕਿ ਪੇਪਰ ਲੀਕ ਦੇ ਬਦਲੇ ਕਿੰਨੀ ਰਕਮ ਲਈ ਗਈ ਅਤੇ ਇਸ ਜਾਲ ਵਿੱਚ ਹੋਰ ਕੌਣ-ਕੌਣ ਸ਼ਾਮਲ ਸੀ। ਇਸ ਮਾਮਲੇ ਵਿੱਚ ਹੁਣ ਤੱਕ ਦਿੱਲੀ, ਜੈਪੁਰ, ਗੁਰੁਗ੍ਰਾਮ, ਨਾਸਿਕ, ਪੂਨੇ ਅਤੇ ਅਹਲਿਆਨਗਰ ਤੋਂ ਕੁੱਲ 9 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਨ੍ਹਾਂ ਵਿੱਚੋਂ 5 ਨੂੰ ਅਦਾਲਤ ਨੇ ਪੁਲਿਸ ਰਿਮਾਂਡ 'ਤੇ ਭੇਜਿਆ ਹੈ, ਜਦਕਿ ਹੋਰਾਂ ਤੋਂ ਪੁੱਛਗਿੱਛ ਜਾਰੀ ਹੈ।

# 'ਕਿਸੇ Eligible ਨਾਗਰਿਕ ਦੀ ਵੋਟ ਨਹੀਂ ਕੱਟੀ ਜਾਵੇਗੀ'-

## ਪੰਜਾਬ 'ਚ SIR ਨੂੰ ਲੈ ਕੇ CM ਭਗਵੰਤ ਮਾਨ ਦਾ ਵੱਡਾ ਬਿਆਨ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ SIR ਨੂੰ ਲੈ ਕੇ ਵੱਡਾ ਬਿਆਨ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 15 ਜੂਨ ਤੋਂ SIR ਦਾ ਪ੍ਰੋਗਰਾਮ ਸ਼ੁਰੂ ਹੋਵੇਗਾ ਤੇ 1 ਅਕਤੂਬਰ ਤੱਕ ਚੱਲੇਗਾ। ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਉਥੇ ਹਾਜ਼ਰ ਰਹਿਣਗੇ। ਉਨ੍ਹਾਂ ਕਿਹਾ ਕਿ ਅਸੀਂ SIR ਨਾਲ ਕਿਸੇ ਦੀ ਵੋਟ ਨਹੀਂ ਕੱਟਣ ਦੇਵਾਂਗੇ। ਇਸ ਲਈ ਜੇਕਰ ਕੋਰਟ ਜਾਣਾ ਪਿਆ ਤਾਂ ਜਾਵਾਂਗੇ। ਉਨ੍ਹਾਂ ਕਿਹਾ ਕਿ SIR ਨੂੰ ਲੈ ਕੇ ਪੰਜਾਬ 'ਚ ਨੈਗਟੀਵਿਟੀ ਨਹੀਂ ਫੈਲਣ ਦੇਵਾਂਗੇ। ਕਿਸੇ Eligible ਨਾਗਰਿਕ ਦੀ ਵੋਟ ਨਹੀਂ ਕੱਟੀ ਜਾਵੇਗੀ। ਸਾਡੇ BLAs ਤੇ ਵਾਲੰਟੀਅਰ ਨਾਲ ਹਾਜ਼ਰ ਰਹਿਣਗੇ ਤੇ ਅਸੀਂ ਚੋਣ ਕਮਿਸ਼ਨ ਨਾਲ ਵੀ ਰਾਬਤਾ ਰੱਖ ਕੇ ਚੱਲ ਰਹੇ ਹਾਂ। ਅਸੀਂ ਸਾਰੀਆਂ ਪ੍ਰਕਿਰਿਆ ਨੂੰ ਮੌਨੀਟਰ ਕਰਾਂਗੇ।

ਪੰਜਾਬ ਵਿਚ SIR ਈਮਾਨਦਾਰੀ ਨਾਲ ਹੋਵੇ ਤੇ ਜੇਕਰ ਕਿਸੇ ਪਾਰਟੀ ਦੀ ਕੋਈ ਸ਼ਿਕਾਇਤ ਵੀ ਹੋਵੇ ਤਾਂ ਇਲੈਕਸ਼ਨ ਕਮਿਸ਼ਨ ਨੂੰ ਚਾਹੀਦਾ ਹੈ ਕਿ ਉਸ ਨੂੰ ਸਪੱਸ਼ਟ ਕਰੇ। ਦੂਜੀਆਂ ਸਟੇਟਾਂ ਵਿਚ ਜਦੋਂ SIR ਹੋਈ ਤਾਂ ਖਦਸ਼ਾ ਹੈ ਕਿ 27 ਲੱਖ ਵੋਟ ਕੱਟੀ ਗਈ ਤੇ ਬੰਗਾਲ ਦਾ ਕੇਸ ਅਜੇ ਤੱਕ ਪੈਂਡਿੰਗ ਚੱਲ ਰਿਹਾ ਹੈ। ਇਸੇ ਤਰ੍ਹਾਂ ਹਰਿਆਣਾ ਵਿਚ ਇਲਜ਼ਾਮ ਲੱਗੇ ਕਿ ਇਕੋ ਵਿਅਕਤੀਆਂ ਦੀਆਂ 100-100 ਵੋਟਾਂ ਹਨ ਪਰ ਪੰਜਾਬ ਵਿਚ ਸਹਿ-ਮਿਲਵਰਤਣ ਜ਼ਿਆਦਾ ਹੈ, ਇਸ ਲਈ ਅਜਿਹਾ ਹੋਣਾ ਸੰਭਵ ਨਹੀਂ ਪਰ ਫਿਰ ਵੀ ਜੇਕਰ ਇਲੈਕਸ਼ਨ ਕਮਿਸ਼ਨ ਨੂੰ ਕੋਈ ਸ਼ਿਕਾਇਤ ਪਹੁੰਚਦੀ ਹੈ ਤਾਂ ਉਸ ਨੂੰ ਧਿਆਨ ਦੇਣਾ ਚਾਹੀਦਾ ਹੈ। ਪਰ ਜੇਕਰ ਦੀ ਮੌਤ ਹੋ ਗਈ ਜਾਂ ਉਹ ਬਾਹਰਲੇ ਮੁਲਕ ਚਲਾ ਗਿਆ ਤੇ ਉਸ ਨੇ ਉਥੋਂ ਦੀ ਸਿਟੀਜ਼ਨਸ਼ਿਪ ਲੈ ਲਈ ਹੈ ਤਾਂ ਤਾਂ ਉਸ ਦੀ ਵੋਟ ਦਾਂ ਕੱਟੀ ਜਾ ਸਕਦੀ ਹੈ ਪਰ ਜੇਕਰ ਕੋਈ ਵਿਅਕਤੀ ਪੰਜਾਬ ਵਿਚ ਰਹਿ ਰਿਹਾ ਹੈ ਤੇ ਬਾਵਜੂਦ ਉਸ ਦੇ ਵੋਟ ਕੱਟੀ ਜਾ ਰਹੀ ਹੈ ਤਾਂ ਅਜਿਹੀ ਸ਼ਿਕਾਇਤ 'ਤੇ ਐਕਸ਼ਨ ਲਿਆ ਜਾਵੇਗਾ। ਸੀਐੱਮ ਮਾਨ ਨੇ ਕਿਹਾ ਕਿ ਮੈਂ ਆਮ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਫਾਰਮ ਭਰੋ ਤੇ ਵੋਟ ਪਾਓ ਤੇ ਦੇਸ਼ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾਓ।

# ਜ਼ਿੰਦਗੀ ਦੀ ਜੰਗ ਜਿੱਤਿਆ ਤਿੰਨ ਸਾਲਾਂ ਮਾਸੂਮ:

## ਬੋਰਵੈੱਲ 'ਚ ਡਿੱਗੇ ਬੱਚੇ ਨੂੰ ਸੁਰੱਖਿਅਤ ਕੱਢਿਆ ਗਿਆ ਬਾਹਰ



ਹੁਸ਼ਿਆਰਪੁਰ: ਪਿੰਡ ਚੱਕ ਸਮਾਣਾ ਕੁੱਲੀਆ ਵਿੱਚ ਬੀਤੀ ਸ਼ਾਮ ਇੱਕ ਬਹੁਤ ਹੀ ਚਿੰਤਾਜਨਕ ਘਟਨਾ ਵਾਪਰੀ, ਜਿੱਥੇ ਇੱਕ 3 ਸਾਲ ਦਾ ਗੁਰਕਰਨ ਬੋਰਵੈੱਲ ਵਿੱਚ ਡਿੱਗ ਗਿਆ। ਸ਼ੁੱਕਰਵਾਰ ਸ਼ਾਮ ਕਰੀਬ ਚਾਰ ਵਜੇ ਬੋਰਵੈੱਲ ਵਿੱਚ ਡਿੱਗੇ ਸਾਲਾ ਬੱਚੇ ਨੂੰ ਐਨ.ਡੀ.ਆਰ.ਐਫ., ਐਸ.ਡੀ.ਆਰ.ਐਫ., ਪੰਜਾਬ ਪੁਲਿਸ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਥਾਨਕ ਨਿਵਾਸੀਆਂ ਦੇ ਸਹਿਯੋਗ ਨਾਲ ਕਰੀਬ ਨੌਂ ਘੰਟਿਆਂ ਬਾਅਦ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ।

ਬੋਰਵੈੱਲ ਵਿੱਚ ਡਿੱਗੇ ਬੱਚੇ ਗੁਰਕਰਨ ਸਿੰਘ, ਜੋ ਕਿ ਮਜ਼ਦੂਰੀ ਕਰਨ ਵਾਲੇ ਹਰਿੰਦਰ ਅਤੇ ਆਸ਼ਾ ਦਾ ਪੁੱਤਰ ਹੈ, ਨੂੰ ਰਾਤ ਕਰੀਬ 12:40 ਵਜੇ ਬੋਰਵੈੱਲ ਵਿੱਚੋਂ ਬਾਹਰ ਕੱਢਿਆ ਗਿਆ ਅਤੇ ਤੁਰੰਤ ਮੈਡੀਕਲ ਜਾਂਚ ਲਈ ਹਸਪਤਾਲ ਲਿਜਾਇਆ ਗਿਆ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਨੇ ਸ਼ੁਰੂਆਤ ਤੋਂ ਹੀ ਇਸ ਆਪ੍ਰੇਸ਼ਨ ਦੀ ਅਗਵਾਈ ਕੀਤੀ ਅਤੇ ਪੂਰੇ ਅਭਿਆਨ ਨੂੰ ਸਫ਼ਲ ਬਣਾਉਣ ਲਈ ਟੀਮਾਂ ਦੀ ਦ੍ਰਿੜ੍ਹਤਾ ਦੀ ਭਰਪੂਰ ਸ਼ਲਾਘਾ ਕੀਤੀ।

ਡੀ.ਸੀ. ਨੇ ਦੱਸਿਆ ਕਿ ਸ਼ਾਮ ਕਰੀਬ 4 ਵਜੇ ਹੁਸ਼ਿਆਰਪੁਰ ਵਿੱਚ ਅੰਤਰਰਾਸ਼ਟਰੀ ਸਰਹੱਦ ਦੇ ਨਜ਼ਦੀਕੀ ਪਿੰਡ ਚੱਕ ਸਮਾਣਾ ਵਿੱਚ ਇਹ ਘਟਨਾ ਵਾਪਰੀ। ਸੂਚਨਾ ਮਿਲਦਿਆਂ ਹੀ ਪ੍ਰਸ਼ਾਸਨਿਕ ਅਧਿਕਾਰੀ ਤੁਰੰਤ ਮੌਕੇ 'ਤੇ ਪਹੁੰਚ ਗਏ। ਮਜ਼ਦੂਰ ਹਰਿੰਦਰ ਅਤੇ ਆਸ਼ਾ ਦਾ ਪੁੱਤਰ ਗੁਰਕਰਨ ਸਿੰਘ ਆਪਣੇ ਘਰ ਦੇ ਨਾਲ ਲੱਗਦੇ ਖੁੱਲ੍ਹੇ ਬੋਰਵੈੱਲ ਵਿੱਚ ਡਿੱਗ ਗਿਆ ਸੀ। ਇਹ ਬੋਰਵੈੱਲ ਕਰੀਬ 15 ਦਿਨਾਂ ਤੋਂ ਪੁੱਟਿਆ ਜਾ ਰਿਹਾ ਸੀ। ਪਾਈਪ ਪਾਉਣ ਲਈ ਆਸ-ਪਾਸ ਟੋਆ ਪੁੱਟਿਆ ਗਿਆ ਸੀ, ਪਰ 15 ਇੰਚ ਦੀ ਪਾਈਪ ਲਗਾਉਣ ਤੋਂ ਬਾਅਦ ਉਸ ਟੋਏ ਨੂੰ ਪੂਰੀ ਤਰ੍ਹਾਂ ਭਰਿਆ ਨਹੀਂ ਗਿਆ। ਇਸੇ ਦੌਰਾਨ ਬੱਚਾ ਖੇਡਦਾ ਹੋਇਆ ਉੱਥੇ ਪਹੁੰਚ ਗਿਆ। ਜਗ੍ਹਾ ਰੇਤਲੀ ਹੋਣ ਕਾਰਨ ਉਸ ਦਾ ਪੈਰ ਫਿਸਲ ਗਿਆ ਅਤੇ ਉਹ ਇਸ ਵਿਚ ਡਿੱਗ ਗਿਆ।

ਬੱਚੇ ਦੇ ਬੋਰਵੈੱਲ ਵਿੱਚ ਡਿੱਗਣ ਤੋਂ ਬਾਅਦ ਉਸ ਦੇ ਬਚਾਅ ਲਈ ਬੋਰਵੈੱਲ ਦੇ ਬਿਲਕੁਲ ਨਾਲ 30 ਫੁੱਟ ਤੋਂ ਵੱਧ ਡੂੰਘਾ ਟੋਆ ਪੁੱਟਿਆ ਗਿਆ। ਇਸ ਤੋਂ ਬਾਅਦ ਬਚਾਅ ਟੀਮਾਂ ਨੇ ਬੋਰ ਦੇ ਨਾਲ ਇੱਕ ਤੰਗ ਰਸਤਾ ਬਣਾ ਕੇ ਪਹੁੰਚ ਕੀਤੀ ਅਤੇ ਕਾਫੀ ਮੁਸ਼ੱਕਤ ਤੋਂ ਬਾਅਦ ਬੱਚੇ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਬੱਚਾ ਬੋਰਵੈੱਲ ਵਿੱਚ ਡਿੱਗਣ ਤੋਂ ਬਾਅਦ ਕਰੀਬ 30 ਫੁੱਟ ਦੀ ਡੂੰਘਾਈ 'ਤੇ ਫਸ ਗਿਆ ਸੀ। ਬਚਾਅ ਕਾਰਜ ਤੇਜ਼ ਕਰਨ ਲਈ ਲੋੜੀਂਦੀ ਮਸ਼ੀਨਰੀ ਮੌਕੇ 'ਤੇ ਲਿਆਂਦੀ ਗਈ। ਡੀ.ਸੀ. ਨੇ ਕਿਹਾ ਕਿ ਐਨ.ਡੀ.ਆਰ.ਐਫ. ਦੀ 40 ਤੋਂ ਵੱਧ ਮੈਂਬਰਾਂ ਦੀ ਟੀਮ ਨੇ ਆਪਣੀ ਮੁਹਾਰਤ ਨਾਲ ਇਸ ਔਖੇ ਸਮੇਂ ਵਿੱਚ ਆਪ੍ਰੇਸ਼ਨ ਨੂੰ ਸੁਰੱਖਿਅਤ ਢੰਗ ਨਾਲ ਸਫ਼ਲ ਬਣਾਇਆ।

# ਗੁਰਦਾਸਪੁਰ SDM ਅਨੂਪ੍ਰੀਤ ਕੌਰ ਰੰਧਾਵਾ ਗ੍ਰਿਫ਼ਤਾਰ

## ਲੱਗੇ ਗੰਭੀਰ ਇਲਜ਼ਾਮ !



ਗੁਰਦਾਸਪੁਰ: ਪੰਜਾਬ ਪੁਲਿਸ ਨੇ ਵੱਡੀ ਕਾਰਵਾਈ ਕਰਦੇ ਹੋਏ ਪੀ.ਸੀ.ਐਸ. ਅਧਿਕਾਰੀ ਅਤੇ ਐਸ.ਡੀ.ਐਮ. ਅਨੁਪ੍ਰੀਤ ਕੌਰ ਰੰਧਾਵਾ ਨੂੰ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪੁਲਿਸ ਟੀਮ ਸਵੇਰੇ ਕਰੀਬ 7 ਵਜੇ ਉਨ੍ਹਾਂ ਦੇ ਘਰ ਪਹੁੰਚੀ ਅਤੇ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ।

ਇਹ ਮਾਮਲਾ ਜੰਮੂ-ਕਸ਼ਮੀਰ-ਰਾਜਸਥਾਨ ਹਾਈਵੇਅ ਪ੍ਰੋਜੈਕਟ ਲਈ ਐਕੁਆਇਰ ਕੀਤੀ ਗਈ ਜ਼ਮੀਨ ਵਿੱਚ ਕਥਿਤ ਗੜਬੜੀ ਨਾਲ ਜੁੜਿਆ ਹੋਇਆ ਹੈ। ਜਦੋਂ ਇਹ ਗਬਨ ਹੋਇਆ, ਤਾਂ ਅਨੁਪ੍ਰੀਤ ਰੰਧਾਵਾ ਉਸ ਵੇਲੇ ਤਰਨਤਾਰਨ ਦੇ ਪੱਟੀ ਵਿਖੇ ਤਾਇਨਾਤ ਸਨ। ਜਾਂਚ ਏਜੰਸੀਆਂ ਨੂੰ ਸ਼ੱਕ ਹੈ ਕਿ ਮੁਆਵਜ਼ਾ ਰਾਸ਼ੀ ਦੀ ਵੰਡ ਵਿੱਚ ਵੱਡੇ ਪੱਧਰ 'ਤੇ ਬੇਨਿਯਮੀਆਂ ਹੋਈਆਂ ਹਨ। ਸੂਤਰਾਂ ਅਨੁਸਾਰ, ਅਨੁਪ੍ਰੀਤ ਕੌਰ ਰੰਧਾਵਾ 'ਤੇ ਕਰੀਬ 1 ਕਰੋੜ 63 ਲੱਖ ਰੁਪਏ ਦੇ ਗਬਨ ਦੇ ਦੋਸ਼ ਹਨ। ਇਸੇ ਮਾਮਲੇ ਵਿੱਚ ਪੁਲਿਸ ਨੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਹੈ। ਪੀ.ਸੀ.ਐਸ. (PCS) ਅਧਿਕਾਰੀ ਅਨੁਪ੍ਰੀਤ ਕੌਰ 'ਤੇ ਦੋਸ਼ ਹੈ ਕਿ ਰਾਜਸਥਾਨ-ਜੰਮੂ ਕਸ਼ਮੀਰ ਨੈਸ਼ਨਲ ਹਾਈਵੇਅ ਦੇ ਨਿਰਮਾਣ ਵੇਲੇ ਸਰਕਾਰ ਵੱਲੋਂ ਜ਼ਮੀਨ ਐਕੁਆਇਰ ਕਰਨ ਦੌਰਾਨ ਤਤਕਾਲੀ ਤਰਨਤਾਰਨ ਦੀ ਐਸ.ਡੀ.ਐਮ. (SDM) ਡਾ. ਅਨੁਪ੍ਰੀਤ ਕੌਰ ਨੇ ਉਨ੍ਹਾਂ ਲੋਕਾਂ ਨੂੰ ਲਾਭ ਪਹੁੰਚਾਇਆ, ਜਿਨ੍ਹਾਂ ਕੋਲ ਜ਼ਮੀਨ ਨਹੀਂ ਸੀ। ਜਾਣਕਾਰੀ ਅਨੁਸਾਰ, ਪੱਟੀ ਦੇ ਸਾਬਕਾ ਐਸ.ਡੀ.ਐਮ. ਨਵਰਾਜ ਸਿੰਘ ਬਰਾੜ ਨੇ ਤਤਕਾਲੀ ਡੀ.ਸੀ. ਪ੍ਰਦੀਪ ਸਭਰਵਾਲ ਨੂੰ 5 ਸਤੰਬਰ 2018 ਨੂੰ ਇਸ ਗਬਨ ਦੇ ਸਬੰਧ ਵਿੱਚ ਸ਼ਿਕਾਇਤ ਦਿੱਤੀ ਸੀ। ਦੋਸ਼ ਸੀ ਕਿ 9 ਜਨਵਰੀ 2018 ਤੋਂ 11 ਫਰਵਰੀ 2019 ਵਿਚਕਾਰ ਜ਼ਮੀਨ ਐਕੁਆਇਰ ਕਰਨ ਦੇ ਬਦਲੇ ਸਰਕਾਰ ਵੱਲੋਂ ਜਾਰੀ 1 ਕਰੋੜ 63 ਲੱਖ ਦੀ ਰਾਸ਼ੀ 5 ਅਯੋਗ ਲੋਕਾਂ ਦੇ ਖਾਤਿਆਂ ਵਿੱਚ ਟ੍ਰਾਂਸਫਰ ਕਰ ਦਿੱਤੀ ਗਈ ਸੀ। ਫਿਲਹਾਲ ਪੁਲਿਸ ਪੂਰੇ ਮਾਮਲੇ ਦੀ ਜਾਂਚ ਵਿੱਚ ਜੁਟੀ ਹੋਈ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਕਈ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

# ਸ਼ਹੀਦੀ ਸਮਾਗਮ ਲਈ 10 ਜੂਨ ਨੂੰ ਪਾਕਿਸਤਾਨ ਜਾਵੇਗਾ ਸਿੱਖ ਜੱਥਾ

## ਸੰਗਤ ਵੱਲੋਂ 600 ਦੇ ਕਰੀਬ ਪਾਸਪੋਰਟ ਜਮ੍ਹਾਂ

**ਧਾਰਮਿਕ ਕੈਲੰਡਰ ਦੇ ਵਿਵਾਦ ਕਾਰਨ ਪਹਿਲਾਂ ਰੁਕੀ ਸੀ ਸੰਗਤ, ਹੁਣ ਸਰਕਾਰੀ ਨੋਟੀਫਿਕੇਸ਼ਨ ਦੀ ਉਡੀਕ**



ਅੰਮ੍ਰਿਤਸਰ: ਗੁਰੂਦਵਾਰਾ ਡੇਹਰਾ ਸਾਹਿਬ, ਲਾਹੌਰ (ਪਾਕਿਸਤਾਨ) ਵਿਖੇ ਮਨਾਏ ਜਾਣ ਵਾਲੇ ਸਲਾਨਾ ਸ਼ਹੀਦੀ ਸਮਾਗਮ ਵਿੱਚ ਹਿੱਸਾ ਲੈਣ ਲਈ ਸਿੱਖ ਸ਼ਰਧਾਲੂਆਂ ਦਾ ਇੱਕ ਵਿਸ਼ੇਸ਼ ਜੱਥਾ ਆਉਂਦੀ 10 ਜੂਨ ਨੂੰ ਰਵਾਨਾ ਹੋਣ ਜਾ ਰਿਹਾ ਹੈ। ਇਸ ਯਾਤਰਾ ਦੀਆਂ ਤਿਆਰੀਆਂ ਨੂੰ ਲੈ ਕੇ ਸੰਗਤ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਹੁਣ ਤੱਕ ਸ਼ਰਧਾਲੂਆਂ ਵੱਲੋਂ ਵੀਜ਼ਾ ਪ੍ਰਕਿਰਿਆ ਲਈ ਲਗਭਗ 600 ਪਾਸਪੋਰਟ ਜਮ੍ਹਾਂ ਕਰਵਾਏ ਜਾ ਚੁੱਕੇ ਹਨ। ਨਿਰਧਾਰਤ ਪ੍ਰੋਗਰਾਮ ਅਨੁਸਾਰ ਇਹ ਜੱਥਾ ਪਾਕਿਸਤਾਨ ਸਥਿਤ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ-ਦੀਦਾਰ ਕਰਨ ਅਤੇ ਸਮਾਗਮ ਵਿੱਚ ਹਾਜ਼ਰੀ ਭਰਨ ਤੋਂ ਬਾਅਦ 19 ਜੂਨ ਨੂੰ ਵਤਨ ਵਾਪਸ ਪਰਤੇਗਾ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਧਾਰਮਿਕ ਕੈਲੰਡਰ (ਨਾਨਕਸ਼ਾਹੀ ਕੈਲੰਡਰ) ਦੀਆਂ ਤਰੀਕਾਂ ਨੂੰ ਲੈ ਕੇ ਆਪਸੀ ਸਹਿਮਤੀ ਨਾ ਬਣਨ ਕਾਰਨ ਪੈਦਾ ਹੋਏ ਵਿਵਾਦ ਕਰਕੇ ਸੰਗਤ ਸ਼ਹੀਦੀ ਸਮਾਗਮਾਂ 'ਤੇ ਜਾਣ ਤੋਂ ਵਾਂਝੀ ਰਹਿ ਗਈ ਸੀ। ਹਾਲਾਂਕਿ ਇਸ ਵਾਰ ਜੱਥੇ ਦੀ ਰਵਾਨਗੀ ਦੀਆਂ ਤਿਆਰੀਆਂ ਪੂਰੇ ਜ਼ੋਰਾਂ 'ਤੇ ਹਨ, ਪਰ ਪ੍ਰਸ਼ਾਸਨਿਕ ਪੱਧਰ 'ਤੇ ਇੱਕ ਪੇਚ ਅਜੇ ਵੀ ਫਸਿਆ ਹੋਇਆ ਹੈ।

ਯਾਤਰਾ ਦੀਆਂ ਤਰੀਕਾਂ ਨੇੜੇ ਆਉਣ ਦੇ ਬਾਵਜੂਦ ਸਰਕਾਰ ਵੱਲੋਂ ਇਸ ਸਬੰਧੀ ਅਜੇ ਤੱਕ ਕੋਈ ਅਧਿਕਾਰਤ ਨੋਟੀਫਿਕੇਸ਼ਨ (ਨਿਰਦੇਸ਼) ਜਾਰੀ ਨਹੀਂ ਕੀਤਾ ਗਿਆ ਹੈ। ਜੱਥੇ ਦੇ ਪ੍ਰਬੰਧਕਾਂ ਅਤੇ ਸੰਗਤ ਨੂੰ ਉਮੀਦ ਹੈ ਕਿ ਸਰਕਾਰ ਜਲਦੀ ਹੀ ਹਰੀ ਝੰਡੀ ਦੇਵੇਗੀ ਤਾਂ ਜੋ ਬਿਨਾਂ ਕਿਸੇ ਰੁਕਾਵਟ ਦੇ ਸ਼ਰਧਾਲੂ ਲਾਹੌਰ ਵਿਖੇ ਨਤਮਸਤਕ ਹੋ ਸਕਣ।















# ਰਾਹੁਲ ਗਾਂਧੀ ਵੱਲੋਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਲਈ ਵਰਤੀ ਭਾਸ਼ਾ ਨਿੰਦਣਯੋਗ : ਅਮਨਜੋਤ ਕੌਰ ਰਾਮੂਵਾਲੀਆ



ਮੋਹਾਲੀ : ਭਾਜਪਾ ਦੀ ਨੈਸ਼ਨਲ ਐਗਜ਼ੀਕਿਊਟਿਵ ਕਮੇਟੀ ਮੈਂਬਰ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਨੇ ਕਿਹਾ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਦਿੱਤੇ ਬਿਆਨ ਦੌਰਾਨ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਲਈ "ਗੱਦਾਰ" ਵਰਗੇ ਸ਼ਬਦ ਵਰਤਣਾ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਸੰਵਿਧਾਨਕ ਅਹੁਦਿਆਂ 'ਤੇ ਬੈਠੇ ਨੇਤਾਵਾਂ ਲਈ ਇਸ ਤਰ੍ਹਾਂ ਦੀ ਭਾਸ਼ਾ ਵਰਤਣਾ ਕਾਂਗਰਸ ਦੀ ਨਕਾਰਾਤਮਕ ਅਤੇ ਹਤਾਸ਼ ਰਾਜਨੀਤੀ ਨੂੰ ਦਰਸਾਉਂਦਾ ਹੈ। ਬੀਬੀ ਰਾਮੂਵਾਲੀਆ ਨੇ ਕਿਹਾ ਕਿ ਰਾਹੁਲ ਗਾਂਧੀ ਨੂੰ ਦੂਜਿਆਂ 'ਤੇ ਸਵਾਲ ਚੁੱਕਣ ਤੋਂ ਪਹਿਲਾਂ ਆਪਣੀ ਪਾਰਟੀ ਦਾ ਇਤਿਹਾਸ ਵੀ ਯਾਦ ਕਰਨਾ ਚਾਹੀਦਾ ਹੈ। ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਖੂਨ ਡੋਲ੍ਹਣ ਵਾਲੀ ਸਿੱਖ ਕੌਮ ਨਾਲ ਜੁਲਮ ਕੀਤੇ ਅਤੇ 1984 ਵਿੱਚ ਹਜ਼ਾਰਾਂ ਬੇਗੁਨਾਹ ਸਿੱਖਾਂ ਦਾ ਕਤਲੇਆਮ ਹੋਣ ਦਿੱਤਾ, ਇਹ ਸਭ ਕਾਂਗਰਸ ਸਰਕਾਰ ਦੇ ਸਮੇਂ ਹੋਇਆ ਅਤੇ ਜਿੰਨਾ ਨੇ ਦੋਸ਼ੀਆਂ ਨੂੰ ਬਚਾਇਆ ਕੀ ਉਹ ਗਦਾਰ ਨਹੀਂ ਆ? ਉਨ੍ਹਾਂ ਨੇ ਕਿਹਾ ਕਿ ਸਿੱਖ ਕੌਮ ਦੇ ਦਰਦ ਅਤੇ ਕੁਰਬਾਨੀਆਂ ਨੂੰ ਭੁੱਲ ਕੇ ਅੱਜ ਕਾਂਗਰਸ ਦੇ ਆਗੂ ਦੇਸ਼ਭਗਤੀ ਦੇ ਸਰਟੀਫਿਕੇਟ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸਨੂੰ ਦੇਸ਼ ਦੀ ਜਨਤਾ ਕਦੇ ਕਬੂਲ ਨਹੀਂ ਕਰੇਗੀ। ਬੀਬੀ ਰਾਮੂਵਾਲੀਆ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨੇਤ੍ਰਿਤਵ ਹੇਠ ਭਾਰਤ ਨੇ ਵਿਸ਼ਵ ਪੱਧਰ 'ਤੇ ਆਪਣੀ ਮਜ਼ਬੂਤ ਪਛਾਣ ਬਣਾਈ ਹੈ। ਦੇਸ਼ ਅੱਜ ਵਿਕਾਸ, ਸੁਰੱਖਿਆ ਅਤੇ ਆਤਮਨਿਰਭਰਤਾ ਵੱਲ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਆਤੰਕਵਾਦ ਖਿਲਾਫ਼ ਸਖ਼ਤ ਫੈਸਲੇ ਲੈਣ ਤੋਂ ਲੈ ਕੇ ਭਾਰਤ ਦੀ ਵਿਸ਼ਵ ਪੱਧਰ 'ਤੇ ਸਾਖ ਮਜ਼ਬੂਤ ਕਰਨ ਤੱਕ, ਮੋਦੀ ਸਰਕਾਰ ਨੇ ਹਰ ਖੇਤਰ ਵਿੱਚ ਦੇਸ਼ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ। ਬੀਬੀ ਅਮਨਜੋਤ ਕੌਰ ਰਾਮੂਵਾਲੀਆ ਨੇ ਕਿਹਾ ਕਿ ਅੱਜ ਦੇਸ਼ ਦੀ ਜਨਤਾ ਸੱਚਾਈ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਅਤੇ ਲੋਕ ਉਹਨਾਂ ਨੇਤਾਵਾਂ ਦੇ ਨਾਲ ਖੜੇ ਹਨ ਜੋ ਦੇਸ਼ ਦੇ ਵਿਕਾਸ, ਸੁਰੱਖਿਆ ਅਤੇ ਲੋਕਾਂ ਦੀ ਭਲਾਈ ਲਈ ਇਮਾਨਦਾਰੀ ਨਾਲ ਕੰਮ ਕਰ ਰਹੇ ਹਨ।

## ਗੁਰਦਾਸਪੁਰ 'ਚ ਕਾਰ ਟਰੱਕ ਨਾਲ ਟਕਰਾਈ, 4 ਦੋਸਤਾਂ ਦੀ ਮੌਤ


ਧਾਰੀਵਾਲ : ਗੁਰਦਾਸਪੁਰ ਵਿਚ ਨੈਸ਼ਨਲ ਹਾਈਵੇਅ 'ਤੇ ਸੜਕ ਕਿਨਾਰੇ ਖੜ੍ਹੇ ਟਰੱਕ ਨਾਲ ਆਲਟੋ ਕਾਰ ਟਕਰਾ ਗਈ, ਜਿਸ ਵਿਚ ਚਾਰ ਦੋਸਤਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਪੂਰੀ ਤਰ੍ਹਾਂ ਤਬਾਹ ਹੋ ਗਈ, ਦੋ ਲਾਸ਼ਾਂ ਡਰਾਈਵਰ ਸੀਟ 'ਤੇ ਫਸ ਗਈਆਂ।

ਇਲਾਕਾ ਵਾਸੀਆਂ ਅਨੁਸਾਰ ਹਾਦਸੇ ਦੌਰਾਨ ਜ਼ੋਰਦਾਰ ਧਮਾਕਾ ਹੋਇਆ। ਸਵੇਰੇ ਪੁਲਿਸ ਨੇ ਕਾਰ ਨੂੰ ਕਟਰ ਨਾਲ ਕੱਟ ਕੇ ਲਾਸ਼ਾਂ ਕੱਢੀਆਂ। ਸਾਰੇ ਇਕ ਦੂਜੇ ਨਾਲ ਚਿੰਬੜੇ ਹੋਏ ਪਾਏ ਗਏ। ਪੁਲਿਸ ਜਾਂਚ ਅਨੁਸਾਰ ਤਿੰਨ ਨੌਜਵਾਨ ਪਿਛਲੀ ਰਾਤ ਹਿਮਾਚਲ ਪ੍ਰਦੇਸ਼ ਦੇ ਨਿੱਜੀ ਨਸ਼ਾ ਛੁਡਾਊ ਕੇਂਦਰ ਤੋਂ ਭੱਜ ਗਏ ਸਨ।

# ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਨੇ 'ਕੌਮਾਂਤਰੀ ਮਾਂ-ਦਿਵਸ' ਬੜੇ ਜੋਸ਼, ਉਤਸ਼ਾਹ, ਤੇ ਉਮਾਹ ਨਾਲ ਮਨਾਇਆ

## ਕਲੱਬ ਦੇ 150 ਤੋਂ ਵਧੇਰੇ ਮੈਂਬਰਾਂ ਨੇ ਕੀਤੀ ਸ਼ਮੂਲੀਅਤ

ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 17 ਮਈ ਨੂੰ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਵੱਲੋਂ ਸਥਾਨਕ ਪਾਲ ਪਲੈਸ਼ੀ ਰੀਕਰੀਏਸ਼ਨ ਸੈਂਟਰ ਵਿੱਚ 'ਕੌਮਾਂਤਰੀ ਮਾਂ-ਦਿਵਸ' ਬੜੇ ਜੋਸ਼, ਉਤਸ਼ਾਹ, ਉਮਾਹ, ਹਾਸੇ-ਮਜ਼ਾਕ, ਯੋਗਾ ਅਤੇ ਖਾਣ-ਪੀਣ ਦੇ ਖ਼ੂਬਸੂਰਤ ਮਾਹੌਲ ਵਿੱਚ ਮਨਾਇਆ ਗਿਆ। ਇਸ ਮੌਕੇ ਕਲੱਬ ਦੇ 150 ਤੋਂ ਵਧੇਰੇ ਇਸ ਸ਼ਾਨਦਾਰ ਸਮਾਗਮ ਵਿੱਚ ਸ਼ਾਮਲ ਹੋਏ। ਸਮਾਗਮ ਦੀ ਸ਼ੁਰੂਆਤ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਸਮੂਹ ਮਾਵਾਂ, ਮਹਿਮਾਨਾਂ ਅਤੇ ਮੈਂਬਰਾਂ ਨੂੰ ਸੰਬੋਧਿਤ ਭਾਵਪੂਰਤ ਸ਼ਬਦਾਂ ਨਾਲ ਕੀਤੀ ਗਈ। ਇਸ ਸੰਸਾਰ ਵਿੱਚ ਮਾਵਾਂ ਦੀ ਅਹਿਮਿਅਤ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਮਾਵਾਂ ਹਰੇਕ ਘਰ ਦੀ 'ਨੀਂਹ' ਹਨ। ਜਿਨ੍ਹਾਂ ਦੀ ਕੁਰਬਾਨੀ, ਸਬਰ ਅਤੇ ਨਿਰਛਲ ਪਿਆਰ ਸਦਕਾ ਪਰਿਵਾਰ ਇਕੱਠਿਆਂ ਹੋ ਕੇ ਹਰ ਪ੍ਰਕਾਰ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਾ ਹੈ। ਮਾਵਾਂ ਸਾਰੇ ਪਰਿਵਾਰ ਦਾ ਬੋਝ ਬੜੇ ਪਿਆਰ ਨਾਲ ਖ਼ੁਸ਼ੀ-ਖ਼ੁਸ਼ੀ ਆਪਣੇ ਮੋਢਿਆਂ 'ਤੇ ਚੱਕਦੀਆਂ ਹਨ ਅਤੇ ਉਨ੍ਹਾਂ ਦੀ ਮਹਾਨ ਕੁਰਬਾਨੀ ਦਾ ਕਰਜ਼ ਕਦੇ ਵੀ ਉਤਾਰਿਆ ਨਹੀਂ ਜਾ ਸਕਦਾ।



ਇਸ ਸ਼ਾਨਦਾਰ ਸ਼ਾਮ ਨੂੰ ਜੋਤੀ ਡੈਡਲੀਆ ਅਤੇ ਕਮਲ ਬਬਰਾ ਵੱਲੋਂ ਹਾਸੇ-ਮਜ਼ਾਕ ਨਾਲ ਭਰਪੂਰ ਗੱਲਾਂ-ਬਾਤਾਂ, ਮਨੋਰੰਜਕ ਆਈਟਮਾਂ ਤੇ ਰੋਮਾਂਚਿਕ ਸੰਵਾਦਾਂ ਨਾਲ ਹੋਰ ਵੀ ਰੰਗੀਨ ਬਣਾਇਆ ਗਿਆ। ਜੋਤੀ ਨੇ ਇਸ ਮੌਕੇ ਬੋਲਦਿਆਂ ਕਿਹਾ, "ਮਾਂ-ਦਿਵਸ ਕੇਵਲ ਇੱਕ ਜਸ਼ਨ ਨਹੀਂ ਹੈ, ਸਗੋਂ ਇਹ ਤਾਂ ਮਾਵਾਂ ਪ੍ਰਤੀ ਪਿਆਰ ਤੇ ਸਤਿਕਾਰ ਦੀ ਭਾਵਨਾ ਦਾ ਪ੍ਰਗਟਾਵਾ ਹੈ ਜੋ ਆਪਣਾ ਸਾਰਾ ਜੀਵਨ ਪਰਿਵਾਰ ਦੇ ਲੇਖੇ ਲਾ ਦਿੰਦੀਆਂ ਹਨ।" ਇਸਦੇ ਨਾਲ ਹੀ ਕਮਲ ਬਬਰਾ ਦਾ ਕਹਿਣਾ ਸੀ, "ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੇ ਸਾਰੇ ਈਵੈਂਟ ਸੀਨੀਅਰਾਂ ਅਤੇ ਮਾਵਾਂ ਨੂੰ ਭਰਵਾਂ ਸਤਿਕਾਰ ਦਿੰਦੇ ਹਨ।" ਮਾਵਾਂ ਦੀ ਸਮਾਜਿਕ ਤੇ ਪਰਿਵਾਰਕ ਦੇਣ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਲੱਬ ਦੀ ਪ੍ਰਧਾਨ ਦਵਿੰਦਰ ਦੈਂਦ ਨੇ ਇਸ ਮੌਕੇ ਬੋਲਦਿਆਂ ਕਿਹਾ, "ਮਾਂ ਦਾ ਪਿਆਰ ਸੱਭ ਤੋਂ ਪਵਿੱਤਰ ਹੈ। ਉਨ੍ਹਾਂ ਦੀ ਭਾਵਨਾਤਮਿਕ ਸ਼ਕਤੀ ਹਰੇਕ ਪਰਿਵਾਰ ਦੇ ਲਈ ਪ੍ਰੇਰਨਾ ਦਾ ਮੁੱਖ-ਸਰੋਤ ਹੈ ਅਤੇ ਉਨ੍ਹਾਂ ਦੀਆਂ ਅਸੀਸਾਂ ਸਾਡੀ ਜੀਵਨ-ਭਰ ਅਗਵਾਈ ਕਰਦੀਆਂ ਰਹਿੰਦੀਆਂ ਹਨ।" ਇਸ ਦੌਰਾਨ ਹੋਏ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਰਿੰਦਰ ਸੌਂਦ, ਰਮਿੰਦਰ ਚੌਹਾਨ, ਹਰਮੀਤ ਕੁਲਾਰ, ਰਾਣੀ ਡਾਂਗ, ਸੁੱਚਾ ਬੁੱਟਰ, ਸਰਬਜੀਤ ਧੰਜਲ, ਕਮਲਾ ਸ਼ਰਮਾ ਅਤੇ ਤ੍ਰਿਲੋਚਨ ਸਿੰਘ ਵੱਲੋਂ ਗੀਤ, ਡਾਂਸ ਅਤੇ ਮਨੋਰੰਜਨ ਦੀਆਂ ਕਈ ਵੰਨਗੀਆਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਭਰਪੂਰ ਹੁੰਗਾਰਾ ਪ੍ਰਾਪਤ ਹੋਇਆ। ਇਸਦੇ ਨਾਲ ਹੀ ਅਨੁਜਾ ਕਾਂਬਲੀ ਨੇ ਮੈਂਬਰਾਂ ਨੂੰ ਬਾਲੀਵੁੱਡ ਹਿੰਦੀ ਫ਼ਿਲਮਾਂ ਗੀਤਾਂ ਉੱਪਰ ਯੋਗਾ ਦੀਆਂ ਕਈ ਦਿਲਚਸਪ ਕਸਰਤਾਂ ਕਰਵਾ ਕੇ ਮੈਂਬਰਾਂ ਦੇ ਮਨੋਰੰਜਨ ਵਿੱਚ ਹੋਰ ਵਾਧਾ ਕੀਤਾ ਗਿਆ। ਸਮਾਗਮ ਦੌਰਾਨ ਚੱਲਦੇ ਰਹੇ ਸਨੈਕਸ ਅਤੇ ਖਾਣੇ ਦੀਆਂ ਵਰਾਇਟੀਆਂ ਨੇ ਇਸਨੂੰ ਹੋਰ ਵੀ ਲਜ਼ੀਜ਼ ਤੇ ਖ਼ੁਸ਼ਬੂਦਾਰ ਬਣਾ ਦਿੱਤਾ।

ਸਮਾਗਮ ਦੀ ਮੁੱਖ-ਮਹਿਮਾਨ ਬਰੈਂਪਟਨ ਸੈਂਟਰ ਦੀ ਮੈਂਬਰ ਪਾਰਲੀਮੈਂਟ ਅਮਨਦੀਪ ਸੋਢੀ ਸਨ। ਇਸ ਮੌਕੇ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ, "ਕਲੱਬ ਦੇ ਸੀਨੀਅਰ ਮੈਂਬਰਾਂ ਅਤੇ ਮਾਵਾਂ ਨੂੰ ਇਹ ਸ਼ੁਭ ਦਿਨ ਇਕੱਠਿਆਂ ਮਨਾਉਂਦੇ ਵੇਖ ਕੇ ਮੈਨੂੰ ਬੜੀ ਖ਼ੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ। ਇਸ ਤਰ੍ਹਾਂ ਦੇ ਈਵੈਂਟ ਸਾਡੀਆਂ ਸਮਾਜਿਕ-ਤੰਦਾਂ ਨੂੰ ਮਜ਼ਬੂਤ ਕਰਦੇ ਹਨ ਅਤੇ ਸਮਾਜ ਵਿੱਚ ਮਹਾਨ ਲੋਕਾਂ ਦੇ ਯੋਗਦਾਨ ਨੂੰ ਤਾਜ਼ਾ ਕਰਦੇ ਹਨ।" ਸਮਾਗਮ ਦੇ ਮੁੱਖ-ਵਕਤਾ ਰੀਜਨਲ ਕੌਂਸਲਰ ਰਵੀਨਾ ਸੰਤੋਸ ਸਨ, ਜਿਨ੍ਹਾਂ ਨੇ ਮੈਂਬਰਾਂ ਤੇ ਮਹਿਮਾਨਾਂ ਨੂੰ ਸੰਬੋਧਨ ਹੁੰਦਿਆਂ ਕਿਹਾ, "ਇਸ ਦੁਨੀਆਂ ਵਿੱਚ ਮਾਂ ਹੋਣਾ ਜੀਵਨ ਦੀ ਸੱਭ ਤੋਂ ਵੱਡੀ ਅਸੀਸ ਅਤੇ ਜ਼ਿੰਮੇਂਵਾਰੀ ਹੈ। ਇਸ ਕਲੱਬ ਦਾ ਅੱਜ ਦਾ ਇਹ ਸਮਾਗਮ ਮਾਵਾਂ ਦੀ ਕੁਰਬਾਨੀ, ਉਨ੍ਹਾਂ ਦੇ ਨਿਰਛਲ ਪਿਆਰ ਅਤੇ ਨਾਰੀ-ਸ਼ਕਤੀ ਨੂੰ ਪੂਰੀ ਤਰ੍ਹਾਂ ਮਾਨਤਾ ਦਿੰਦਾ ਹੈ। ਮੈਂ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੇ ਮੈਂਬਰਾਂ ਵੱਲੋਂ ਸੀਨੀਅਰਾਂ ਅਤੇ ਮਾਵਾਂ ਦੇ ਸਤਿਕਾਰ ਵਿੱਚ ਆਯੋਜਿਤ ਕੀਤੇ ਗਏ ਇਸ ਸ਼ਾਨਦਾਰ ਸਮਾਗਮ 'ਤੇ ਉਨ੍ਹਾਂ ਨੂੰ ਹਾਰਦਿਕ ਵਧਾਈ ਦਿੰਦੀ ਹਾਂ।"

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ 'ਕੈਨੇਡੀਅਨ ਲਿਟਰੇਚਰ ਫ਼ੈਸਟੀਵਲ' 'ਚ ਕੀਤੀ ਗਈ ਭਰਵੀਂ ਸ਼ਮੂਲੀਅਤ

## ਕਵੀ-ਦਰਬਾਰ 'ਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ 36 ਕਵੀਆਂ ਨੇ ਲਿਆ ਹਿੱਸਾ

ਮਿਸੀਸਾਗਾ, (ਡਾ. ਝੰਡ) – ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਇਸਦੇ ਮਈ ਮਹੀਨੇ ਦੇ ਸਮਾਗਮ ਨੂੰ ਬਹੁ-ਭਾਸ਼ਾਈ ਤਿੰਨ- ਦਿਨਾਂ 'ਕੈਨੇਡਾ ਲਿਟਰੇਚਰ ਫ਼ੈਸਟੀਵਲ' ਦਾ ਅਹਿਮ ਹਿੱਸਾ ਬਣਦਿਆਂ ਹੋਇਆਂ 17 ਮਈ ਦਿਨ ਐਤਵਾਰ ਨੂੰ ਬਾਅਦ ਦੁਪਹਿਰ 2.45 ਵਜੇ ਪਹਿਲੀ ਵਾਰ ਇਸਦੇ ਪੰਜਾਬੀ ਅਨੁਭਾਗ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਗਈ। ਇਹ ਸਮਾਗਮ ਮਿਸੀਸਾਗਾ ਦੇ 3250 ਰਿੱਜਵੇਅ ਡਰਾਈਵ ਸਥਿਤ 'ਸੰਪਰਦਾਇਆ ਡਾਂਸ ਥੀਏਟਰ' ਵਿੱਚ 15 ਤੋਂ 17 ਮਈ ਤੱਕ ਤਿੰਨ ਦਿਨ ਆਯੋਜਿਤ ਕੀਤਾ ਗਿਆ, ਜਿਸ ਵਿੱਚ ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ, ਉੜੀਆ, ਤਾਮਿਲ, ਕੰਨੜ, ਆਦਿ, ਨੌਂ ਭਾਰਤੀ ਭਾਸ਼ਾਵਾਂ ਦੇ ਕਈ ਪ੍ਰੋਗਰਾਮ ਆਯੋਜਿਤ ਕੀਤੇ ਗਏ।

ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਇਸ ਪੰਜਾਬੀ ਅਨੁਭਾਗ ਭਾਗ ਵਿੱਚ ਕਵਿਤਾਵਾਂ ਅਤੇ ਗੀਤਾਂ ਦੀ ਸ਼ਾਨਦਾਰ ਮਹਿਫ਼ਲ ਸਜਾਈ ਗਈ, ਜਿਸ ਵਿੱਚ 36 ਪੰਜਾਬੀ ਕਵੀ-ਕਵਿੱਤਰੀਆਂ ਤੇ ਗਾਇਕ/ਗਾਇਕਾਵਾਂ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਕਵਿਤਾਵਾਂ ਅਤੇ ਗੀਤਾਂ ਦੇ ਵਿਸ਼ੇ ਵੱਖੋ-ਵੱਖਰੇ ਸਨ ਜਿਨ੍ਹਾਂ ਵਿੱਚ ਪੰਜਾਬੀ ਮਾਂ-ਬੋਲੀ, ਪੰਜਾਬੀ ਸੱਭਿਆਚਾਰ ਦੇ ਵੱਖ-ਵੱਖ ਰੰਗ, ਮਾਂ ਦੀ ਮਮਤਾ ਤੇ ਉਸਦਾ ਨਿਰਛਲ ਪਿਆਰ, ਦੇਸ਼-ਭਗਤੀ, ਵਿਸ਼ਵ-ਜੰਗ ਦਾ ਅਜੋਕਾ ਮਾਹੌਲ, ਅਮਨ-ਸ਼ਾਂਤੀ ਦੀ ਲੋੜ, ਆਦਿ ਪ੍ਰਮੁੱਖ ਸਨ। ਇਸ ਦੌਰਾਨ ਪੇਸ਼ ਕੀਤੀਆਂ ਗਈਆਂ ਗ਼ਜ਼ਲਾਂ ਦੇ ਸ਼ਿਅਰਾਂ ਵਿੱਚ ਗਜ਼ਲਗੋਆਂ ਵੱਲੋਂ ਹੋਰ ਵੀ ਕਈ ਛੋਟੇ-ਛੋਟੇ ਵਿਸ਼ੇ ਲਏ ਗਏ। ਪ੍ਰੋਗਰਾਮ ਦੇ ਆਰੰਭ ਵਿੱਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ 'ਕੈਨੇਡਾ ਲਿਟਰੇਚਰ ਫ਼ੈਸਟੀਵਲ' ਦੀ ਅਹਿਮੀਅਤ ਅਤੇ ਕੈਨੇਡਾ ਵਰਗੇ ਬਹੁ-ਸੱਭਿਆਚਾਰਕ ਦੇਸ਼ ਵਿੱਚ ਇਸ ਦੀ ਜ਼ਰੂਰਤ ਬਾਰੇ ਦੱਸਦਿਆਂ ਹੋਇਆਂ ਇਸ ਬਹੁ-ਭਾਸ਼ਾਈ ਸਾਹਿਤਕ ਮੇਲੇ ਵਿੱਚ ਪੰਜਾਬੀ ਭਾਸ਼ਾ ਨੂੰ ਸ਼ਾਮਲ ਕਰਨ ਲਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੂੰ ਸੱਦਾ ਦੇਣ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ। ਉਪਰੰਤ, ਮੰਚ-ਸੰਚਾਲਕ ਸਭਾ ਦੇ ਸਰਗਰਮ ਮੈਂਬਰ ਡਾ. ਜਗਮੋਹਨ ਸਿੰਘ ਸੰਘਾ ਨੇ ਸੱਭ ਤੋਂ ਪਹਿਲਾਂ ਸਭਾ ਦੇ ਅਤੀ-ਸੁਰੀਲੇ ਗਾਇਕ ਇਕਬਾਲ ਬਰਾੜ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ, ਜਿਨ੍ਹਾਂ ਨੇ ਪੰਜਾਬੀ ਲੋਕਧਾਰਾ ਦੇ ਅਹਿਮ ਅੰਗ ਟੱਪੇ ਗਾ ਕੇ ਸੰਗੀਤਕ ਮਾਹੌਲ ਸਿਰਜ ਦਿੱਤਾ।



ਕਵੀ-ਦਰਬਾਰ ਵਿੱਚ ਕਵਿਤਾਵਾਂ ਦੀ ਸ਼ੁਰੂਆਤ ਮੰਚ-ਸੰਚਾਲਕ ਵੱਲੋਂ ਲਹਿੰਦੇ ਪੰਜਾਬ ਦੇ ਮਕਸੂਦ ਚੌਧਰੀ ਤੋਂ ਕੀਤੀ ਗਈ। ਉਸ ਤੋਂ ਬਾਅਦ ਵਾਰੋ-ਵਾਰੀ ਸੁਰਿੰਦਰ ਸੂਰ, ਜੱਸੀ ਭੁੱਲਰ, ਕੁਲ ਦੀਪ ਆਹਲੂਵਾਲੀਆ, ਉਜ਼ਮਾ ਮਹਿਮੂਦ, ਅਬਦੁਲ ਹਮੀਦ ਹਮੀਦੀ, ਭੁਪਿੰਦਰ ਦੁਲੇ, ਮਲਵਿੰਦਰ ਸ਼ਾਇਰ, ਸੁਖਚਰਨਜੀਤ ਗਿੱਲ, ਸ਼ਾਜ਼ੀਆ ਆਲਮ ਸ਼ਾਜ਼ੀ, ਰਾਜਕੁਮਾਰ ਓਸ਼ੋਰਾਜ, ਗੁਰਦਾਸ ਥਾਬਲ, ਹਰਸਿਮਰਤ ਪੰਧੇਰ, ਗੁਰਦੇਵ ਚੌਹਾਨ, ਹਜ਼ਰਤ ਸ਼ਾਮ, ਬਸ਼ੱਰਤ ਰੇਹਾਨ, ਪਰਮਜੀਤ ਢਿੱਲੋਂ, ਸੁਰਿੰਦਰਜੀਤ ਕੌਰ, ਹਰਦਿਆਲ ਸਿੰਘ ਝੀਤਾ, ਕਰਨ ਅਜਾਇਬ ਸਿੰਘ ਸੰਘਾ, ਅਰਵਿੰਦਰਜੀਤ ਪੰਧੇਰ, ਬੌਬੀ ਪੰਧੇਰ, ਗਿਆਨ ਸਿੰਘ ਦਰਦੀ, ਹਰਮੇਸ਼ ਜਿੰਦੋਵਾਲ, ਮਲੂਕ ਸਿੰਘ ਕਾਹਲੋਂ, ਦਰਸ਼ਨ ਸਿੰਘ ਸਿੱਧੂ, ਰਾਸ਼ੀਦ ਨਦੀਮ, ਹਰਭਜਨ ਕੌਰ ਗਿੱਲ, ਹਰਜੀਤ ਬਾਜਵਾ, ਭੁਪਿੰਦਰ ਭੂਪੀ, ਤਨਵੀਰ ਸਿੰਘ, ਤਲਵਿੰਦਰ ਮੰਡ, ਜਗਮੋਹਨ ਸਿੰਘ ਸੰਘਾ ਤੇ ਸੁਖਦੇਵ ਸਿੰਘ ਝੰਡ ਨੂੰ ਮੰਚ 'ਤੇ ਬੁਲਾਇਆ ਗਿਆ, ਜਿਨਾਂ ਨੇ ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਤੇ ਗੀਤਾਂ ਦੀ ਖ਼ੂਬ ਛਹਿਬਲ ਲਾਈ। ਸਮੇਂ ਦੀ ਘਾਟ ਕਰਕੇ ਕਈ ਕਵੀ ਤੇ ਕਵਿੱਤਰੀਆਂ ਆਪਣੀਆਂ ਰਚਨਾਵਾਂ ਸਾਂਝੀਆਂ ਕਰਨ ਤੋਂ ਵਿਰਵੇ ਵੀ ਰਹਿ ਗਏ। ਹਿੰਦੀ, ਉਰਦੂ, ਗੁਜਰਾਤੀ ਤੇ ਹੋਰ ਭਾਸ਼ਾਵਾਂ ਦੇ ਕਵੀ ਤੇ ਸਰੋਤੇ ਇਸ ਪੰਜਾਬੀ ਕਵੀ-ਦਰਬਾਰ ਤੋਂ ਬਹੁਤ ਪ੍ਰਭਾਵਿਤ ਹੋਏ। ਸਮਾਗਮ ਦੇ ਪ੍ਰਬੰਧਕਾਂ ਵੱਲੋਂ ਅਗਲੀ ਵਾਰ ਸਭਾ ਨੂੰ ਕਵੀ-ਦਰਬਾਰ ਲਈ ਹੋਰ ਵਧੇਰੇ ਸਮਾਂ ਦੇਣ ਦਾ ਭਰੋਸਾ ਦਿੱਤਾ ਗਿਆ।

ਇਸ ਮੌਕੇ ਸੁਹਿਰਦ ਸਰੋਤਿਆਂ ਵਿੱਚ ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ, ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਪ੍ਰੋ. ਸਿਕੰਦਰ ਸਿੰਘ ਗਿੱਲ, ਡਾ. ਕੇਵਲ ਸਿੰਘ ਸੁਖੀਜਾ, ਕਰਨੈਲ ਸਿੰਘ ਮਰਵਾਹਾ, ਸ਼ਮਸ਼ੇਰ ਸਿੰਘ, ਸੁਜਾਨ ਸਿੰਘ ਸੁਜਾਨ, ਹਰਜਿੰਦਰ ਸਿੰਘ ਭਸੀਨ, ਭੁਪਿੰਦਰ ਭੋਡੇ, ਧਰਮ ਪਾਲ, ਗੋਪਾਲ ਬਘੇਲ, ਸੰਦੀਪ ਤਿਆਗੀ, ਅਮਰਜੀਤ ਭੁੱਲਰ, ਕਰਨਜੀਤ ਸਿੰਘ, ਪਤਵੰਤ ਕੌਰ ਪੰਨੂੰ, ਨਵਜੋਤ ਕੌਰ, ਸੁਖਵਿੰਦਰ ਕੌਰ, ਰੂਬੀ ਕਰਤਾਰਪੁਰੀ, ਪ੍ਰਸ਼ੋਤਮ ਸਿੰਘ, ਬਿਕਰਮਜੀਤ ਸਿੰਘ ਗਿੱਲ ਤੇ ਕਈ ਹੋਰ ਸ਼ਾਮਲ ਸਨ।

GTA Plumbing & Electrical Supplies

GTA Plumbing & Electrical Supplies



ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036

18 Strathearn Ave South A, Unit#25-27
Brampton (Steeles & Dixie)

ASK Mortgage Ltd.

Business Loan
Credit Line
Truck/Taxi Loan
New Immigrant Package

416-366-1234



Jaswinder Khosa
416-894-9400

1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ






ਨਸ਼ਾ ਛੁਡਾਓ

ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ

ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ

ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ

ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ

ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay & Lucky Stone, Book and Appointment Today!

# ਸਰੀਰਕ ਕਸਰਤ ਅਤੇ ਤੰਦਰੁਸਤੀ

## (ਸਿਹਤਮੰਦ ਅਤੇ ਸਰਗਰਮ ਜੀਵਨ ਦੀ ਕੁੰਜੀ)



ਅੱਜ ਦੇ ਤੇਜ਼ ਰਫ਼ਤਾਰੀ ਵਾਲੇ ਯੁੱਗ ਵਿੱਚ ਬਹੁਤ ਸਾਰੇ ਲੋਕ ਲੰਮੇ ਸਮੇਂ ਤੱਕ ਦਫ਼ਤਰਾਂ ਵਿੱਚ ਬੈਠ ਕੇ ਕੰਮ ਕਰਦੇ ਹਨ, ਮੋਬਾਈਲ ਫ਼ੋਨ ਵਰਤਦੇ ਹਨ, ਟੈਲੀਵਿਜ਼ਨ ਦੇਖਦੇ ਹਨ ਜਾਂ ਕੰਪਿਊਟਰਾਂ ਉੱਤੇ ਕੰਮ ਕਰਦੇ ਹਨ। ਇਸ ਜੀਵਨ ਸ਼ੈਲੀ ਨੇ ਸਰੀਰਕ ਗਤੀਵਿਧੀਆਂ ਨੂੰ ਘਟਾ ਦਿੱਤਾ ਹੈ ਅਤੇ ਮੋਟਾਪਾ, ਮਧੁਮੇਹ, ਦਿਲ ਦੀਆਂ ਬਿਮਾਰੀਆਂ, ਤਣਾਅ ਅਤੇ ਕਮਜ਼ੋਰੀ ਵਰਗੀਆਂ ਸਿਹਤ ਸਮੱਸਿਆਵਾਂ ਵਿੱਚ ਵਾਧਾ ਕੀਤਾ ਹੈ। ਦੁਨੀਆ ਭਰ ਦੇ ਸਿਹਤ ਮਾਹਿਰ ਚੰਗੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਨਿਯਮਿਤ ਕਸਰਤ ਦੀ ਮਹੱਤਤਾ 'ਤੇ ਜ਼ੋਰ ਦੇ ਰਹੇ ਹਨ।

ਕਸਰਤ ਸਿਰਫ਼ ਖਿਡਾਰੀਆਂ ਜਾਂ ਖੇਡਾਂ ਨਾਲ ਜੁੜੇ ਲੋਕਾਂ ਲਈ ਹੀ ਮਹੱਤਵਪੂਰਨ ਨਹੀਂ ਹੈ। ਇਹ ਹਰ ਉਮਰ ਦੇ ਲੋਕਾਂ ਲਈ ਲਾਜ਼ਮੀ ਹੈ, ਜਿਸ ਵਿੱਚ ਬੱਚੇ, ਵੱਡੇ ਅਤੇ ਬਜ਼ੁਰਗ ਸਭ ਸ਼ਾਮਲ ਹਨ। ਰੋਜ਼ਾਨਾ ਸਰੀਰਕ ਗਤੀਵਿਧੀ ਸਰੀਰ ਨੂੰ ਸਰਗਰਮ ਰੱਖਦੀ ਹੈ, ਤੰਦਰੁਸਤੀ ਵਿੱਚ ਸੁਧਾਰ ਕਰਦੀ ਹੈ ਅਤੇ ਮਨੁੱਖ ਨੂੰ ਖ਼ੁਸ਼ਹਾਲ ਅਤੇ ਸਿਹਤਮੰਦ ਜੀਵਨ ਜੀਣ ਵਿੱਚ ਮਦਦ ਕਰਦੀ ਹੈ।

ਕਸਰਤ ਦਾ ਅਰਥ ਕਿਸੇ ਵੀ ਐਸੀ ਸਰੀਰਕ ਗਤੀਵਿਧੀ ਨਾਲ ਹੈ ਜੋ ਸਰੀਰ ਦੀ ਤਾਕਤ, ਲਚਕਤਾ, ਸਹਿਨਸ਼ੀਲਤਾ ਅਤੇ ਕੁੱਲ ਕਾਰਗੁਜ਼ਾਰੀ ਨੂੰ ਸੁਧਾਰੇ। ਟਹਿਲਣਾ, ਦੌੜਣਾ, ਸਾਈਕਲ ਚਲਾਉਣਾ, ਯੋਗਾ ਕਰਨਾ, ਤੈਰਨਾਂ, ਸਟਰੈਚਿੰਗ ਕਰਨਾ ਅਤੇ ਬਾਹਰੀ ਖੇਡਾਂ ਖੇਡਣਾ ਸਾਰੇ ਕਸਰਤ ਦੇ ਹੀ ਰੂਪ ਹਨ।

ਕਸਰਤ ਸੌਖੀ ਅਤੇ ਤੰਦਰੁਸਤੀ ਲਈ ਸਹਾਇਕ ਹੋ ਸਕਦੀ ਹੈ। ਇੱਥੋਂ ਤੱਕ ਕਿ ਪੌੜੀਆਂ ਚੜ੍ਹਣਾ, ਬਾਗਬਾਨੀ ਕਰਨਾ ਜਾਂ ਤੇਜ਼ ਕਦਮਾਂ ਨਾਲ ਟਹਿਲਣਾ ਵੀ ਜੇ ਰੋਜ਼ਾਨਾ ਕੀਤਾ ਜਾਵੇ ਤਾਂ ਸਿਹਤ ਲਈ ਬਹੁਤ ਲਾਭਦਾਇਕ ਹੁੰਦਾ ਹੈ। ਕਸਰਤ ਅਤੇ ਤੰਦਰੁਸਤੀ ਦਾ ਆਪਸੀ ਗਹਿਰਾ ਸੰਬੰਧ ਹੈ। ਤੰਦਰੁਸਤੀ ਦਾ ਅਰਥ ਹੈ ਮਨੁੱਖ ਦੀ ਉਹ ਸਮਰੱਥਾ ਜਿਸ ਨਾਲ ਉਹ ਆਪਣੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਬਿਨਾਂ ਜ਼ਿਆਦਾ ਥਕਾਵਟ ਦੇ ਸੁਚੱਜੇ ਢੰਗ ਨਾਲ ਕਰ ਸਕੇ। ਇੱਕ ਤੰਦਰੁਸਤ ਵਿਅਕਤੀ ਦੇ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ, ਫੇਫੜੇ ਅਤੇ ਦਿਲ ਸਿਹਤਮੰਦ ਹੁੰਦੇ ਹਨ, ਸਰੀਰ ਵਿੱਚ ਲਚਕਤਾ ਅਤੇ ਸੰਤੁਲਨ ਹੁੰਦਾ ਹੈ।

ਨਿਯਮਿਤ ਕਸਰਤ ਸਰੀਰਕ ਤੰਦਰੁਸਤੀ ਦੇ ਹਰ ਪੱਖ ਵਿੱਚ ਸੁਧਾਰ ਕਰਦੀ ਹੈ, ਜਿਵੇਂ ਕਿ—

ਤਾਕਤ: ਕਸਰਤ ਮਾਸਪੇਸ਼ੀਆਂ ਅਤੇ ਹੱਡੀਆਂ ਨੂੰ ਮਜ਼ਬੂਤ ਬਣਾਉਂਦੀ ਹੈ।

ਸਹਿਨਸ਼ੀਲਤਾ: ਸਰੀਰਕ ਗਤੀਵਿਧੀ ਸਟੈਮਿਨਾ ਅਤੇ ਊਰਜਾ ਵਿੱਚ ਵਾਧਾ ਕਰਦੀ ਹੈ।

ਲਚਕਤਾ: ਸਟਰੈਚਿੰਗ ਅਤੇ ਯੋਗਾ ਸਰੀਰ ਦੀ ਗਤੀਸ਼ੀਲਤਾ ਵਧਾਉਂਦੇ ਹਨ ਅਤੇ ਜਕੜਨ ਘਟਾਉਂਦੇ ਹਨ।

ਸੰਤੁਲਨ ਅਤੇ ਤਾਲਮੇਲ: ਕਸਰਤ ਸਰੀਰ ਦੇ ਸੰਤੁਲਨ ਅਤੇ ਅਕਸ ਨੂੰ ਸੁਧਾਰਦੀ ਹੈ।

ਵਜ਼ਨ ਨਿਯੰਤਰਣ: ਸਰੀਰਕ ਗਤੀਵਿਧੀਆਂ ਕੈਲੋਰੀਆਂ ਘਟਾਉਂਦੀਆਂ ਹਨ ਅਤੇ ਸਰੀਰ ਦਾ ਸਿਹਤਮੰਦ ਵਜ਼ਨ ਬਣਾਈ ਰੱਖਣ ਵਿੱਚ ਮਦਦ ਕਰਦੀਆਂ ਹਨ।

ਜੋ ਲੋਕ ਰੋਜ਼ਾਨਾ ਕਸਰਤ ਕਰਦੇ ਹਨ, ਉਹ ਆਮ ਤੌਰ 'ਤੇ ਆਪਣੇ ਕਰਨ ਵਾਲੇ ਕੰਮਾਂ ਵਿੱਚ ਜ਼ਿਆਦਾ ਚੁਸਤ, ਆਤਮਵਿਸ਼ਵਾਸੀ ਅਤੇ ਸਰਗਰਮ ਮਹਿਸੂਸ ਕਰਦੇ ਹਨ।

ਨਿਯਮਿਤ ਅਤੇ ਯੋਜਨਾਬੱਧ ਕਸਰਤ ਰਾਹੀਂ ਸਰੀਰਕ ਤੰਦਰੁਸਤੀ ਵਿੱਚ ਬਹੁਤ ਸੁਧਾਰ ਕੀਤਾ ਜਾ ਸਕਦਾ ਹੈ। ਵੱਖ-ਵੱਖ ਕਿਸਮ ਦੀਆਂ ਕਸਰਤਾਂ ਸਰੀਰ ਨੂੰ ਵੱਖ-ਵੱਖ ਤਰੀਕਿਆਂ ਨਾਲ ਲਾਭ ਪਹੁੰਚਾਉਂਦੀਆਂ ਹਨ।

### ਐਰੋਬਿਕ ਕਸਰਤ

ਟਹਿਲਣਾ, ਦੌੜਣਾ, ਤੈਰਨਾ ਅਤੇ ਸਾਈਕਲ ਚਲਾਉਣਾ ਵਰਗੀਆਂ ਗਤੀਵਿਧੀਆਂ ਦਿਲ ਅਤੇ ਫੇਫੜਿਆਂ ਦੀ ਕਾਰਗੁਜ਼ਾਰੀ ਨੂੰ ਸੁਧਾਰਦੀਆਂ ਹਨ। ਇਹ ਕਸਰਤਾਂ ਖ਼ੂਨ ਦਾ ਸੰਚਾਰ ਵਧਾਉਂਦੀਆਂ ਹਨ ਅਤੇ ਸਰੀਰ ਨੂੰ ਵੱਧ ਆਕਸੀਜ਼ਨ ਪ੍ਰਦਾਨ ਕਰਦੀਆਂ ਹਨ।

### ਤਾਕਤ ਵਧਾਉਣ ਵਾਲੀਆਂ ਕਸਰਤਾਂ

ਪੁਸ਼-ਅੱਪ, ਸਕਵਾਟ ਅਤੇ ਵਜ਼ਨ ਚੁੱਕਣ ਵਰਗੀਆਂ ਕਸਰਤਾਂ ਮਾਸਪੇਸ਼ੀਆਂ ਅਤੇ ਹੱਡੀਆਂ ਨੂੰ ਮਜ਼ਬੂਤ ਕਰਦੀਆਂ ਹਨ। ਮਜ਼ਬੂਤ ਮਾਸਪੇਸ਼ੀਆਂ ਸਰੀਰ ਦੇ ਪੋਸਚਰ ਨੂੰ ਸੁਧਾਰਦੀਆਂ ਹਨ ਅਤੇ ਸੱਟਾਂ ਦੇ ਖ਼ਤਰੇ ਨੂੰ ਘਟਾਉਂਦੀਆਂ ਹਨ।

### ਲਚਕਤਾ ਵਾਲੀਆਂ ਕਸਰਤਾਂ

ਯੋਗਾ ਅਤੇ ਸਟਰੈਚਿੰਗ ਵਾਲੀਆਂ ਕਸਰਤਾਂ ਸਰੀਰ ਵਿੱਚ ਲਚਕਤਾ ਲਿਆਉਂਦੀਆਂ ਹਨ ਅਤੇ ਮਾਸਪੇਸ਼ੀਆਂ ਦੀ ਜਕੜਨ ਘਟਾਉਂਦੀਆਂ ਹਨ। ਲਚਕੀਲਾ ਸਰੀਰ ਆਸਾਨੀ ਨਾਲ ਹਿਲਜੁਲ ਕਰ ਸਕਦਾ ਹੈ ਅਤੇ ਸਰੀਰਕ ਦਰਦ ਤੋਂ ਬਚਾਉਂਦਾ ਹੈ।

### ਸੰਤੁਲਨ ਵਾਲੀਆਂ ਕਸਰਤਾਂ

ਸੰਤੁਲਨ ਵਾਲੀਆਂ ਕਸਰਤਾਂ ਖ਼ਾਸ ਤੌਰ 'ਤੇ ਬਜ਼ੁਰਗਾਂ ਲਈ ਮਹੱਤਵਪੂਰਨ ਹਨ। ਇਹ ਡਿੱਗਣ ਦੇ ਖ਼ਤਰੇ ਨੂੰ ਘਟਾਉਂਦੀਆਂ ਹਨ ਅਤੇ ਸਰੀਰਕ ਤਾਲਮੇਲ ਵਿੱਚ ਸੁਧਾਰ ਕਰਦੀਆਂ ਹਨ।

ਵਿਸ਼ਾ ਮਾਹਿਰਾਂ ਦੇ ਅਨੁਸਾਰ, ਹਰ ਰੋਜ਼ ਘੱਟੋ-ਘੱਟ 30 ਮਿੰਟ ਦੀ ਨਿਯਮਿਤ ਕਸਰਤ ਸਿਹਤ ਅਤੇ ਤੰਦਰੁਸਤੀ ਵਿੱਚ ਮਹੱਤਵਪੂਰਨ ਸੁਧਾਰ ਲਿਆ ਸਕਦੀ ਹੈ। ਭਾਵੇਂ ਕਸਰਤ ਬਹੁਤ ਲਾਭਦਾਇਕ ਹੈ, ਪਰ ਕਿਸੇ ਵੀ ਫ਼ਿਟਨੈੱਸ ਰੁਟੀਨ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਸਾਵਧਾਨੀਆਂ ਅਪਣਾਉਣੀਆਂ ਜ਼ਰੂਰੀ ਹਨ। ਅਚਾਨਕ ਜਾਂ ਗਲਤ ਤਰੀਕੇ ਨਾਲ ਕੀਤੀ ਕਸਰਤ ਚੋਟਾਂ ਜਾਂ ਹੋਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

ਕੁਝ ਮਹੱਤਵਪੂਰਨ ਸਾਵਧਾਨੀਆਂ ਇਹ ਹਨ—

ਸ਼ੁਰੂਆਤ ਹੌਲੀ ਕਰੋ: ਨਵੇਂ ਸਿੱਖਿਆਰਥੀਆਂ ਨੂੰ ਸਲਾਹ ਹੈ ਕਿ ਉਹ ਹਲਕੀ ਕਸਰਤ ਨਾਲ ਸ਼ੁਰੂ ਕਰਨ ਅਤੇ ਹੌਲੀ ਹੌਲੀ ਸਮਾਂ ਅਤੇ ਤੀਬਰਤਾ ਵਧਾਉਣ।

ਵਾਰਮ-ਅੱਪ ਕਰੋ: ਸਟਰੈਚਿੰਗ ਅਤੇ ਵਾਰਮ-ਅੱਪ ਸਰੀਰ ਨੂੰ ਕਸਰਤ ਲਈ ਤਿਆਰ ਕਰਦੇ ਹਨ।

ਆਰਾਮਦਾਇਕ ਕੱਪੜੇ ਪਹਿਨੋ: ਠੀਕ ਜੁੱਤੇ ਅਤੇ ਆਰਾਮਦਾਇਕ ਕੱਪੜੇ ਸੱਟਾਂ ਤੋਂ ਬਚਾਉਂਦੇ ਹਨ।

ਪਾਣੀ ਪੀਓ: ਕਸਰਤ ਦੌਰਾਨ ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਣ ਦਿਓ।

ਲੋੜ ਤੋਂ ਵੱਧ ਕਸਰਤ ਤੋਂ ਬਚੋ: ਬਹੁਤ ਜ਼ਿਆਦਾ ਕਸਰਤ ਮਾਸਪੇਸ਼ੀਆਂ ਦੇ ਦਰਦ, ਥਕਾਵਟ ਜਾਂ ਸੱਟ ਦਾ ਕਾਰਨ ਬਣ ਸਕਦੀ ਹੈ।

ਪੂਰਾ ਆਰਾਮ ਕਰੋ: ਸਰੀਰ ਨੂੰ ਸੁਧਾਰ ਅਤੇ ਮਾਸਪੇਸ਼ੀਆਂ ਦੇ ਵਿਕਾਸ ਲਈ ਆਰਾਮ ਦੀ ਲੋੜ ਹੁੰਦੀ ਹੈ।

ਡਾਕਟਰੀ ਸਲਾਹ ਲਵੋ: ਦਿਲ ਦੀ ਬਿਮਾਰੀ, ਦਮਾ, ਸ਼ੂਗਰ ਜਾਂ ਉੱਚ ਖ਼ੂਨ ਦਬਾਅ ਵਾਲੇ ਲੋਕਾਂ ਨੂੰ ਭਾਰੀ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ।

ਇਨ੍ਹਾਂ ਸਾਵਧਾਨੀਆਂ ਦੀ ਪਾਲਣਾ ਕਰਨ ਨਾਲ ਕਸਰਤ ਹੋਰ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਬਣਦੀ ਹੈ।

ਚੰਗੀ ਸਿਹਤ ਅਤੇ ਸਰੀਰਕ ਤੰਦਰੁਸਤੀ ਦਾ ਗਹਿਰਾ ਸੰਬੰਧ ਹੈ। ਇੱਕ ਤੰਦਰੁਸਤ ਵਿਅਕਤੀ ਆਮ ਤੌਰ 'ਤੇ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ ਅਤੇ ਉਸਦੀ ਕੁੱਲ ਸਿਹਤ ਵਧੀਆ ਹੁੰਦੀ ਹੈ।

ਨਿਯਮਿਤ ਕਸਰਤ ਖ਼ੂਨ ਦਬਾਅ ਨੂੰ ਨਿਯੰਤਰਿਤ ਕਰਨ, ਮੋਟਾਪਾ ਘਟਾਉਣ, ਸ਼ੂਗਰ ਨੂੰ ਸੰਭਾਲਣ, ਦਿਲ ਨੂੰ ਮਜ਼ਬੂਤ ਕਰਨ, ਰੋਗ-ਪ੍ਰਤੀਰੋਧਕ ਸ਼ਕਤੀ ਵਧਾਉਣ, ਤਣਾਅ ਅਤੇ ਚਿੰਤਾ ਘਟਾਉਣ ਅਤੇ ਨੀਂਦ ਦੀ ਗੁਣਵੱਤਾ ਸੁਧਾਰਣ ਵਿੱਚ ਮਦਦ ਕਰਦੀ ਹੈ।

ਡਾਕਟਰ ਕਈ ਬਿਮਾਰੀਆਂ ਦੇ ਇਲਾਜ ਵਿੱਚ ਵੀ ਕਸਰਤ ਦੀ ਸਿਫ਼ਾਰਸ਼ ਕਰਦੇ ਹਨ। ਸਰੀਰਕ ਗਤੀਵਿਧੀ ਮਨੁੱਖ ਦੇ ਮਾਨਸਿਕ ਸਿਹਤ ਨੂੰ ਵੀ ਸੁਧਾਰਦੀ ਹੈ, ਉਦਾਸੀ ਨੂੰ ਘਟਾਉਂਦੀ ਹੈ ਅਤੇ ਆਤਮਵਿਸ਼ਵਾਸ਼ ਵਧਾਉਂਦੀ ਹੈ।

ਦੁਨੀਆ ਭਰ ਵਿੱਚ ਹੋਈਆਂ ਖੋਜਾਂ ਤੋਂ ਪਤਾ ਲੱਗਿਆ ਹੈ ਕਿ ਜੋ ਲੋਕ ਸਰੀਰਕ ਤੌਰ 'ਤੇ ਸਰਗਰਮ ਰਹਿੰਦੇ ਹਨ, ਉਹ ਆਮ ਤੌਰ 'ਤੇ ਲੰਮਾ ਜੀਵਨ ਜੀਉਂਦੇ ਹਨ ਅਤੇ ਸਿਹਤਮੰਦ ਜੀਵਨ-ਮਿਆਰ ਦਾ ਆਨੰਦ ਮਾਣਦੇ ਹਨ। ਵਿਦਿਆਰਥੀਆਂ ਲਈ ਕਸਰਤ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਇਹ ਧਿਆਨ, ਯਾਦਸ਼ਕਤੀ ਅਤੇ ਸਿੱਖਣ ਦੀ ਸਮਰੱਥਾ ਨੂੰ ਸੁਧਾਰਦੀ ਹੈ। ਬਾਹਰੀ ਖੇਡਾਂ ਅਤੇ ਸਰੀਰਕ ਗਤੀਵਿਧੀਆਂ ਟੀਮ ਵਰਕ, ਅਨੁਸ਼ਾਸਨ, ਨੇਤ੍ਰਿਤਵ ਅਤੇ ਆਤਮਵਿਸ਼ਵਾਸ ਵੀ ਸਿਖਾਉਂਦੀਆਂ ਹਨ। ਸਕੂਲਾਂ ਅਤੇ ਪਰਿਵਾਰਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਖੇਡਾਂ ਅਤੇ ਰੋਜ਼ਾਨਾ ਕਸਰਤ ਲਈ ਪ੍ਰੇਰਿਤ ਕਰਨ ਤਾਂ ਜੋ ਛੋਟੀ ਉਮਰ ਤੋਂ ਹੀ ਚੰਗੀਆਂ ਆਦਤਾਂ ਬਣ ਸਕਣ।

ਕਸਰਤ ਚੰਗੀ ਸਿਹਤ ਅਤੇ ਤੰਦਰੁਸਤੀ ਲਈ ਸਭ ਤੋਂ ਮਹੱਤਵਪੂਰਨ ਆਦਤਾਂ ਵਿੱਚੋਂ ਇੱਕ ਹੈ। ਇਹ ਸਰੀਰ ਨੂੰ ਮਜ਼ਬੂਤ ਬਣਾਉਂਦੀ ਹੈ, ਮਾਨਸਿਕ ਸੁਖ-ਸ਼ਾਂਤੀ ਵਿੱਚ ਸੁਧਾਰ ਕਰਦੀ ਹੈ, ਊਰਜਾ ਵਧਾਉਂਦੀ ਹੈ ਅਤੇ ਕਈ ਬਿਮਾਰੀਆਂ ਤੋਂ ਸੁਰੱਖਿਆ ਦਿੰਦੀ ਹੈ। ਪਰ ਕਸਰਤ ਹਮੇਸ਼ਾਂ ਸਹੀ ਤਰੀਕੇ ਅਤੇ ਸਾਵਧਾਨੀਆਂ ਨਾਲ ਨਿਯਮਿਤ ਰੂਪ ਵਿੱਚ ਕਰਨੀ ਚਾਹੀਦੀ ਹੈ।

ਆਧੁਨਿਕ ਜੀਵਨ ਵਿੱਚ, ਜਿੱਥੇ ਤਣਾਅ ਅਤੇ ਗੈਰ-ਸਿਹਤਮੰਦ ਜੀਵਨ ਸ਼ੈਲੀਆਂ ਆਮ ਹੋ ਰਹੀਆਂ ਹਨ, ਉੱਥੇ ਨਿਯਮਿਤ ਸਰੀਰਕ ਗਤੀਵਿਧੀ ਹੀ ਸੰਤੁਲਿਤ ਅਤੇ ਸਿਹਤਮੰਦ ਭਵਿੱਖ ਦੀ ਕੁੰਜੀ ਹੈ। ਹਰ ਮਨੁੱਖ ਨੂੰ ਤੰਦਰੁਸਤ, ਚੁਸਤ ਅਤੇ ਸਿਹਤਮੰਦ ਰਹਿਣ ਲਈ ਕਸਰਤ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਦੇਖੋ ਟੋਰਾਂਟੋ ਦੇ ਐਲਨ ਗਾਰਡਨ ਦੀ ਰੋਣਕ









ਟੋਰਾਂਟੋ: (ਡਾ ਅਨਿਲ ਧੀਰ. ਕਾਲਮਨਿਸਟ): ਵਾਹ...ਕਿਆ ਮੌਸਮ ਹੈ ਇਸ ਲੋਂਗ-ਵੀਕ ਦਾ। ਇਨਸਾਨ ਨੂੰ ਵੱਧੀਆ ਮੌਸਮ ਕਹਿੰਦਾ ਹੈ ਘੁੰਮੋ-ਫਿਰੋ ਅਤੇ ਅਨੰਦ ਲਵੋ। ਮੇਰੀ ਬੇਟੀ ਨੂੰ ਘੁੰਮਣ-ਫਿਰਣ ਦਾ ਸ਼ੋਕ ਹੈ। ਅੱਜ ਸਮਾਂ ਕੱਢ ਕੇ ਪਰਿਵਾਰ ਨਾਲ ਐਲਨ ਗਾਰਡਨ ਘੁੰਮਣ ਦਾ ਵੱਧੀਆ ਮੌਕਾ ਮਿਲਿਆ। ਐਲਨ ਗਾਰਡਨ, ਟੋਰਾਂਟੋ ਦੇ ਇੱਕ ਬਲਾਕ 'ਚ ਫੈਲਿਆ ਹੋਇਆ ਹੈ। ਐਲਨ ਗਾਰਡਨ ਇੱਕ ਪਬਲਿਕ ਪਾਰਕ ਅਤੇ ਕੰਜ਼ਰਵੇਟਰੀ ਹੈ ਜੋ ਕੈਨੇਡਾ ਦੇ ਓਨਟਾਰੀਓ ਦੇ ਟੋਰਾਂਟੋ ਦੇ ਗਾਰਡਨ ਡਿਸਟ੍ਰਿਕਟ 'ਚ ਸਥਿਤ ਹੈ। ਇਸ ਥਾਂ ਤੇ ਇੱਕ ਖੇਡ ਦਾ ਮੈਦਾਨ, ਲੀਸ਼ ਤੋਂ ਬਾਹਰ ਕੁੱਤਿਆਂ ਦਾ ਪਾਰਕ, ਅਤੇ 6 ਗ੍ਰੀਨਹਾਉਸਾਂ ਵਾਲੀ ਕੰਜ਼ਰਵੇਟਰੀ ਸ਼ਾਮਲ ਹੈ। ਗਾਰਡਨ ਵਿੱਚੋਂ ਇੱਕ ਰਸਤਿਆਂ ਦਾ ਇੱਕ ਨੈੱਟਵਰਕ ਲੰਘਦਾ ਹੈ, ਜਿਸ 'ਚ ਕਾਰਲਟਨ ਅਤੇ ਜ਼ੇਰਾਡ ਸਟ੍ਰੀਟਾਂ ਨੂੰ ਜੋੜਨ ਵਾਲਾ ਉੱਤਰ-ਦੱਖਣੀ ਰਸਤ ਅਤੇ ਕੰਜ਼ਰਵੇਟਰੀ ਨੂੰ ਰੋਬਰਟ ਬਰਨਜ਼ ਸਮਾਰਕ ਅਤੇ ਸ਼ੇਰਬੋਰਨ ਸਟ੍ਰੀਟ ਨਾਲ ਜੋੜਨ ਵਾਲਾ ਪੂਰਬ-ਪੱਛਮੀ ਰਸਤਾ ਸ਼ਾਮਲ ਹੈ। ਇਸ ਗਾਰਡਨ ਦੀ ਮਹੱਤਤਾ ਨੂੰ ਮਾਨਤਾ ਦਿੰਦੇ ਹੋਏ, ਐਲਨ ਗਾਰਡਨ ਨੂੰ ਜੂਨ 1973 'ਚ ਟੋਰਾਂਟੋ ਸ਼ਹਿਰ ਦੀ ਵਿਰਾਸਤੀ ਜ਼ਾਇਦਾਦ ਵਸਤੂ ਸੂਚੀ 'ਚ ਸ਼ਾਮਲ ਕੀਤਾ ਗਿਆ।





### ਇਤਿਹਾਸ ਦੇ ਝਰੋਖੇ ਵਿੱਚ:


ਇਹ ਪਾਰਕ 1858 'ਚ ਜਾਰਜ ਵਿਲੀਅਮ ਐਲਨ ਦੁਆਰਾ ਟੋਰਾਂਟੋ ਬਾਗਵਾਨੀ ਸੋਸਾਇਟੀ ਨੂੰ ਦਾਨ ਕੀਤੀ ਗਈ ਲੈਂਡ ਤੇ ਬਣਾਇਆ ਗਿਆ, ਜਿਸਦੇ ਨਾਲ ਬਾਗਵਾਨੀ ਸੋਸਾਇਟੀ ਨੇ 1860 'ਚ ਅਧਿਕਾਰਤ ਤੌਰ 'ਤੇ ਉੱਥੇ ਇੱਕ ਬਾਗ ਖੋਲਿਆ ਸੀ। 1864 'ਚ ਟੋਰਾਂਟੋ ਦੀ ਮਿਉਂਸੀਪਲ ਸਰਕਾਰ ਨੇ ਬਾਗਾਂ ਦੇ ਆਲੇ-ਦੁਆਲੇ ਜ਼ਮੀਨਾਂ ਹਾਸਲ ਕਰ ਲਈਆਂ, ਹਾਲਾਂਕਿ ਇਸਨੇ ਬਾਗਵਾਨੀ ਇਸਨੇ ਬਾਗਵਾਨੀ ਸੋਸਾਇਟੀ ਨੂੰ ਇਸਦੀ ਪਬਲਿਕ ਵਰਤੋਂ ਦੀ ਇਜਾਜ਼ਤ ਦੇਣ ਦੇ ਬਦਲੇ ਇਸਨੂੰ ਬਣਾਈ ਰੱਖਣ ਦੀ ਇਜਾਜ਼ਤ ਦੇ ਦਿੱਤੀ। ਬਾਅਦ 'ਚ 1888 'ਚ ਮਿਉਂਸੀਪਲ ਸਰਕਾਰ ਦੁਆਰਾ ਕੰਜ਼ਰਵੇਟਰੀ ਨੂੰ ਹਾਸਲ ਕਰ ਲਿਆ ਗਿਆ। ਪਾਰਕ ਅਤੇ ਬਗੀਚਿਆਂ ਨੂੰ ਸ਼ੁਰੂ 'ਚ ਇੱਕ 1901 ਤੱਕ ਬਾਗਵਾਨੀ ਗਾਰਡਨ ਵੱਜੋਂ ਜਾਣਿਆ ਜਾਂਦਾ ਸੀ ਜਦੋਂ ਇਸਦਾ ਨਾਮ ਐਲਨ ਦੇ ਨਾਮ ਤੇ ਰੱਖਿਆ ਗਿਆ ਸੀ। 1902 'ਚ ਪਾਰਕ 'ਚ ਇੱਕ 3 ਮੰਜਿਲਾ ਪਵੇਲੀਅਨ ਨੂੰ ਅੱਗ ਲੱਗਣ ਨਾਲ ਤਬਾਹ ਹੋ ਗਿਆ ਹਾਲਾਂਕਿ, ਇੱਕ ਨਵੀਂ ਕੰਜ਼ਰਵੇਟਰੀ ਇਮਾਰਤ, ਪਾਮ ਹਾਉਸ, ਬਾਅਦ 'ਚ 1910 'ਚ ਇਸ ਥਾਂ ਤੇ ਪੂਰੀ ਕੀਤੀ ਗਈ ਸੀ।

ਪਾਰਕ 20ਵੀਂ ਸਦੀ ਦੇ ਮੱਧ ਤੋਂ ਵਿਰੋਧ ਪ੍ਰਦਰਸ਼ਨਾਂ ਲਈ ਇੱਕ ਪ੍ਰਸਿੱਧ ਇਕੱਠ ਸਥਾਨ ਬਣ ਗਿਆ। ਵਰਕਰਜ਼ ਐਕਸ-ਸਰਵਿਸਮਨੈਜ਼ ਲੀਗ ਨੇ ਪਹਿਲੀ ਬਾਰ 16 ਅਗਸਤ 1933 'ਚ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਤਾਂ ਜੋ ਮਹਾਂ ਮੰਦੀ ਦੌਰਾਣ ਪਹਿਲੇ ਵਿਸ਼ਵ ਯੁੱਧ ਦੇ ਸਾਬਿਕਾ ਸੈਨਿਕਾਂ ਨਾਲ ਹੋਏ ਵਿਵਹਾਰ ਦਾ ਵਿਰੋਧ ਕੀਤਾ ਜਾ ਸਕੇ। 1950 ਦੇ ਦਹਾਕੇ ਦੌਰਾਣ ਬਾਗ ਦਾ ਵਿਸਥਾਰ ਕੀਤਾ ਗਿਆ, ਇਸਦੇ ਵਾੜ ਅਤੇ ਦਰਵਾਜੇ ਹਟਾ ਦਿੱਤੇ ਗਏ ਅਤੇ ਫਾਉਂਨਟੇਨ ਲਗਾ ਦਿੱਤੇ ਗਏ। ਸਮੇਂ ਦੇ ਨਾਲ-ਨਾਲ ਸਰਕਾਰੀ ਪੱਧਰ 'ਤੇ ਤਬਦੀਲੀਆਂ ਹੁੰਦੀਆਂ ਗਈਆਂ।

2003 'ਚ ਟੋਰਾਂਟੋ ਯੁਨੀਵਰਸਿਟੀ ਅਤੇ ਟੋਰਾਂਟੋ-ਡੋਮੀਨੀਅਨ ਬੈਂਕ ਦੇ ਕੰਜ਼ਰਵੇਟਰੀ ਲਈ 6ਵੇਂ ਗ੍ਰੀਨਹਾਉਸ ਦਾ ਨਿਰਮਾਣ ਕੀਤਾ ਗਿਆ ਜਿਸਦਾ ਨਾਮ ਚਿਲਡਰਨ ਹਾਰਟੀਕਲਚਰਲ ਕੰਜ਼ਰਵੇਟਰੀ ਰੱਖਿਆ ਗਿਆ। ਯੁਨੀਵਰਸਿਟੀ ਕਾਲਜ ਸਟ੍ਰੀਟ ਤੇ ਯੁਨੀਵਰਸਿਟੀ ਦੇ ਪੁਰਾਣੇ ਗ੍ਰੀਨਹਾਉਸ 'ਚ ਰੱਖੇ ਗਏ ਨਮੂਨਿਆਂ ਨੂੰ ਰੱਖਣ ਲਈ ਬਣਾਇਆ ਗਿਆ ਸੀ, ਜਿਸ ਨੂੰ ਐਲਨ ਗਾਰਡਨ 'ਚ ਤਬਦੀਲ ਕੀਤਾ ਗਿਆ। ਇਹ ਪਾਰਕ 2010 ਦੇ ਟੋਰਾਂਟੋ ਸੰਮੇਲਨ ਵਿਰੋਧ ਪ੍ਰਦਰਸ਼ਨਾਂ ਦੌਰਾਣ ਪ੍ਰਦਰਸ਼ਨਕਾਰੀਆਂ ਦੁਆਰਾ ਕਬਜ਼ੇ 'ਚ ਲਏ ਗਏ ਕਈ ਮਿਉਂਸੀਪਲ ਪਾਰਕਾਂ ਵਿੱਚੋ ਇੱਕ ਸੀ।

### ਜਾਣਕਾਰੀ ਲਵੋ:

- ਗਾਰਡਨ ਡਿਸਟ੍ਰਿਕਟ, ਕੈਨੇਡਾ ਦੇ ਉਨਟਾਰੀਓ ਦੇ ਡਾਊਨਟ੍ਰਾਨ ਟੋਰਾਂਟੋ 'ਚ ਇੱਕ ਆਂਡ-ਗੁਆਂਡ ਹੈ। ਇਹ ਨਾਂ ਟੋਰਾਂਟੋ ਈਸਟ ਡਾਊਨਟਾਊਨ ਰੈਜ਼ੀਡੈਂਟਸ ਐਸੋਸੀਏਸ਼ਨ ਦੁਆਰਤ ਐਲਨ ਗਾਰਡਨਜ਼, ਕਾਰਲਟਨ ਅਤੇ ਜਾਰਵਿਸ ਸਟ੍ਰੀਟਸ ਦੇ ਚੋਰਾਹੇ 'ਤੇ ਸਥਿਤ ਇੱਕ ਇਨਡੋਰ ਬੋਟੈਨੀਕਲ ਗਾਰਡਨ ਦੀ ਮਾਨਤਾ 'ਚ ਚੁਣਿਆ ਗਿਆ ਸੀ। ਆਂਡ-ਗੁਆਂਡ ਦਾ ਇੱਕ ਹਿੱਸਾ ਮੌਸ ਪਾਰਕ ਦੇ ਅਧਿਕਾਰਤ ਸ਼ਹਿਰ ਟੋਰਾਂਟੋ ਦਾ ਨੇਬਰ ਹੈ।
- ਮੈਟਰੋਪੋਲੀਟਨ ਟੋਰਾਂਟੋ ਦੀ ਸਥਾਪਨਾ ਤੋਂ ਥੋੜੀ ਦੇਰ ਬਾਅਦ ਅਕਤੂਬਰ 1954 'ਚ ਹਰੀਕੇਨ ਆਏ ਹੜ੍ਹਾਂ ਕਾਰਨ ਟੋਰਾਂਟੋ ਦੀਆਂ ਖੱਡਾਂ ਦੀ ਸ਼ਕਲ ਬਦਲ ਗਈ ਸੀ ਅਤੇ ਟੋਰਾਂਟੋ ਦੇ ਬਹੁਤ ਸਾਰੇ ਪਾਰਕ ਨਤੀਜੇ ਵੱਜੋਂ ਹੜ ਵਾਲੇ ਮੈਦਾਨ 'ਚ ਸਥਾਪਿਤ ਕੀਤੇ ਗਏ ਸਨ।
- ਜਾਰਜ ਵਿਲੀਅਮ ਐਲਨ ਇੱਕ ਕੈਨੇਡੀਅਨ ਵਕੀਲ ਅਤੇ ਸਿਆਸਤਦਾਨ ਸੀ। ਉਸਨੇ ਟੋਰਾਂਟੋ ਦੇ 11ਵੇਂ ਮੇਅਰ ਅਤੇ ਬਾਅਦ 'ਚ ਕੈਨੇਡਾ ਦੀ ਸੈਨੇਟ ਦੇ ਸਪੀਕਰ ਵੱਜੋਂ ਸੇਵਾ ਨਿਭਾਈ ਸੀ। 1901 'ਚ ਐਲਨ ਦੀ ਮੌਤ ਤੋਂ ਥੋੜੀ ਦੇਰ ਬਾਅਦ, ਬਾਗਾਂ ਦਾ ਨਾਂ ਬਦਲ ਕੇ ਉਸ ਦੇ ਸਨਮਾਨ 'ਚ ਬਾਗਵਾਨੀ ਪਵੇਲੀਅਨ ਤੋਂ ਐਲਨ ਗਾਰਡਨ ਰੱਖਿਆ ਗਿਆ ਸੀ।
- 19 ਜੁਲਾਈ ਪਾਰਕ 'ਚ ਰੌਬਰਟ ਬਰਨਜ਼ ਦੀ ਇੱਕ ਮਰੂਤੀ ਸਥਾਪਿਤ ਕੀਤੀ ਗਈ ਸੀ।
- ਇੱਕ ਕੰਜਰਵੇਟਰੀ ਇੱਕ ਇਮਾਰਤ ਜ ਂਕਮਰਾ ਹੁੰਦਾ ਹੈ ਜਿਸ 'ਚ ਕੱਚ ਜ ਂਹੋਰ ਪਾਰਦਰਸ਼ੀ ਛੱਤ ਕੰਧਾਂ ਹੁੰਦੀਆਂ ਹਨ, ਜਿਸਨੂੰ ਗ੍ਰੀਨਹਾਊਸ ਜਾਂ ਸਨਰੂਮ ਵੱਜੋਂ ਵਰਤਿਆ ਜਾਂਦਾ ਹੈ। ਆਮ ਤੌਰ 'ਤੇ ਇਹ ਇੱਕ ਰਵਾਇਤੀ ਇਮਾਰਤ ਨਾਲ ਜੁੜੀ ਥਾਂ ਨੂੰ ਦਰਸਾਉਂਦਾ ਹੈ।
- 2008 ਦੇ ਸਰਵੇ ਮੁਤਾਬਕ ਪਾਰਕ ਅੰਦਰ ਕਰੀਬਨ 309 ਪਲਾਂਟਸ, ਜੋ 47 ਕਿਸਮ ਦੀ ਪ੍ਰਜਾਤੀਆਂ ਨੂੰ ਦਰਸਾਉਂਦੇ ਹਨ। ਇਸਦੀ ਇਤਿਹਾਸਕ ਮਹੱਤਤਾ ਨੂੰ ਮਾਨਤਾ ਦਿੰਦੇ ਹੋਏ, ਐਲਨ ਗਾਰਡਨਜ਼ ਨੂੰ ਜੂਨ 1973 'ਚ ਟੋਰਾਂਟੋ ਸ਼ਹਿਰ ਦੀ ਵਿਰਾਸਤੀ ਜਾਇਦਾਦ ਵਸਤੂ ਸੂਚੀ 'ਚ ਸੂਚੀਵੱਧ ਕੀਤਾ ਗਿਆ ਸੀ।
- 1920 ਦੇ ਦਹਾਕੇ ਦੌਰਾਣ ਮੂਲ ਗੁੰਬਦਦਾਰ ਕੰਜਰਵੇਟਰੀ ਦਾ ਕਈ ਬਾਰ ਵਿਸਤਾਰ ਕੀਤਾ ਗਿਆ ਸੀ, ਅਤੇ 1956 ਅਤੇ 1957 ਵਿੱਚ, 5 ਨਵੇਂ ਗ੍ਰੀਨਹਾਊਸ 'ਤੇ 2006 'ਚ, ਕੰਜਰਵੇਟਰੀ 'ਚ ਇੱਕ 6ਵਾਂ ਗ੍ਰੀਨਹਾਊਸ ਖੋਲਿਆ ਗਿਆ ਸੀ।
- ਵਿਦੇਸ਼ੀ ਪੋਦਿਆਂ ਦੇ ਨਾਲ ਟੈਂਪਰੇਟ ਹਾਊਸ 'ਚ ਖੁਸ਼ਬੂਦਾਰ ਚਮੇਲੀ, ਕੈਮੇਲੀਆ, ਵੱਖ-ਵੱਖ ਆਸਟ੍ਰਲੀਆਈ ਅਤੇ ਮੈਡੀਟੇਰੀਅਨ ਹਨ ਜਦੋਂ ਕਿ ਏਅਰਡ ਹਾਊਸ 'ਚ ਕੈਕਟੀ ਅਤੇ ਸੁਕੂਲੈਂਟ 'ਤੇ ਗਰਮ ਖੰਡੀ ਵੇਲਾਂ ਲਈ ਇੱਕ ਪਾਮ ਗ੍ਰੀਨਹਾਊਸ, ਸਾਈਕੈਡਸ, ਹਿਬਿਸਕਸ ਵਰਗੇ ਪੋਦਿਆਂ ਲਈ ਗਰਮ ਖੰਡੀ ਲੈਂਡਸਕੇਪ ਗ੍ਰੀਨਹਾਊਸ, ਅਤੇ ਕੈਕਟੀ 'ਤੇ ਸੁਕੂਲੈਂਟਸ, ਲਈ ਸੁੱਕਾ ਘਰ 'ਤੇ ਵੱਖ-ਵੱਖ ਫੁੱਲ ਵੀ ਦੇਖਣ ਨੂੰ ਮਿਲਣਗੇ।
- ਪਾਮ ਹਾਊਸ ਅਤੇ ਗ੍ਰੀਨਹਾਊਸਾਂ ਤੋਂ ਇਲਾਵਾ, ਕੰਜ਼ਰਵੇਟਰੀ 'ਚ 1923 'ਚ ਬਣਾਈ ਗਈ ਇੱਕ ਪ੍ਰਸ਼ਾਸਕੀ ਇਮਾਰਤ ਵੀ ਸ਼ਾਮਲ ਹੈ। ਗ੍ਰੀਮ ਮਰਸਰ ਐਡਮ ਦੀ ਯਾਦ 'ਚ ਪੀਣ ਵਾਲੇ ਫੁਹਾਰੇ ਵਾਲਾ ਇੱਕ ਕੇਂਦਰੀ ਅੰਡਾਕਾਰ ਅਸਲ 'ਚ ਪਾਮ ਹਾਊਸ ਦੇ ਪੂਰਬ 'ਚ ਸਥਿਤ ਸੀ, ਹਾਲਾਂਕਿ ਬਾਅਦ 'ਚ 1995 'ਚ ਇੱਕ ਪਰਗੋਲਾ ਨਾਮ ਬਦਲ ਦਿੱਤਾ ਗਿਆ ਸੀ।
- ਐਲਨ ਗਾਰਡਨਜ਼ ਕੰਜ਼ਰਵੇਟਰੀ ਲਾਲ-ਕੰਨਾਂ ਵਾਲੇ ਸਲਾਈਡਰ ਅਤੇ ਪੇਂਟ ਕੀਤੇ ਕੱਛੂਆਂ ਦੀ ਇੱਕ ਪਿਆਰੀ, ਅਰਧ-ਸਥਾਈ ਬਸਤੀ ਦਾ ਘਰ ਹੈ। ਉਹ ਮੁੱਖ ਤੌਰ 'ਤੇ ਆਰਚਿਡ ਅਤੇ ਬ੍ਰੋਮੀਲੀਅਡ ਹਾਊਸ ਦੇ ਅੰਦਰ ਪਾਣੀ ਦੀਆਂ ਨਦੀਆਂ ਅਤੇਪੂਲ 'ਚ ਰਹਿੰਦੇ ਹਨ, ਜਿੱਥੇ ਤੁਸੀਂ ਉਨਾਂ ਨੂੰ ਚਟਾਨਾਂ 'ਤੇ ਨਹਾਉਂਦੇ ਜਾਂ ਹਟਭਰੇ ਗਰਮ ਖੰਡੀ ਪੱਤਿਆਂ ਦੇ ਨੇੜੇ ਤੈਰਦੇ ਦੇਖ ਸਕਦੇ ਹੋ।
- ਜਦੋਂ ਮੌਕਾ ਮਿਲੇ ਟੋਰਾਂਟੋ ਸ਼ਹਿਰ ਦੇ ਐਲਨ ਗਾਰਡਨ ਜਰੂਰ ਘੁੰਮਣ ਜਾਓ ਅਤੇ ਅਨੰਦ ਲਵੋ।



Dr. Anil Dheer
Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia"















# ਰਾਸ਼ੀਫਲ

### ਮੇਖ ਰਾਸ਼ੀ

**ਲਗਨੇਸ਼ ਦਾ ਆਪਣੀ ਰਾਸ਼ੀ ਵਿੱਚ ਬਲ:** 11 ਮਈ ਨੂੰ ਮੰਗਲ ਦਾ ਤੁਹਾਡੀ ਜਨਮ ਰਾਸ਼ੀ ਵਿੱਚ ਆਉਣਾ ਇੱਕ ਸ਼ਾਨਦਾਰ ਬਦਲਾਅ ਹੈ। ਪਿਛਲੇ ਮਹੀਨੇ ਦੀ ਮਾਨਸਿਕ ਨਿਰਾਸ਼ਾ ਦੂਰ ਹੋਵੇਗੀ ਅਤੇ ਤੁਹਾਡੇ ਵਿੱਚ ਨਵਾਂ ਉਤਸ਼ਾਹ, ਫੈਸਲੇ ਲੈਣ ਦੀ ਹਿੰਮਤ ਪੈਦਾ ਹੋਵੇਗੀ।

**ਆਰਥਿਕ ਤਰੱਕੀ:** 15 ਮਈ ਤੋਂ ਬਾਅਦ ਸੂਰਜ ਅਤੇ ਬੁੱਧ ਦਾ ਧਨ ਸਥਾਨ (ਬ੍ਰਿਖ ਰਾਸ਼ੀ) ਵਿੱਚ ਪ੍ਰਵੇਸ਼ ਕਰਨਾ ਤੁਹਾਡੇ ਬੈਂਕ ਬੈਲੇਂਸ ਨੂੰ ਵਧਾਏਗਾ। ਪੁਰਾਣੇ ਬਕਾਏ ਵਸੂਲ ਹੋਣਗੇ।

**ਮਾਨਸਿਕ ਕੰਟਰੋਲ ਜ਼ਰੂਰੀ:** ਲਗਨ ਵਿੱਚ ਮੰਗਲ ਅਪਾਰ ਊਰਜਾ ਦੇਣ ਦੇ ਬਾਵਜੂਦ, ਬਹੁਤ ਜ਼ਿਆਦਾ ਗੁੱਸਾ ਅਤੇ ਜ਼ਿੱਦ ਵੀ ਦਿੰਦਾ ਹੈ। ਜੇਕਰ ਤੁਸੀਂ ਦੂਜੇ ਘਰ ਵਿੱਚ ਸੂਰਜ ਕਾਰਨ ਹੋਣ ਵਾਲੇ ਬੋਲ-ਬਾਣੀ ਦੇ ਵਿਵਾਦਾਂ ਤੋਂ ਬਚਦੇ ਹੋ, ਤਾਂ ਇਹ ਸਫਲਤਾਵਾਂ ਦਾ ਮਹੀਨਾ ਹੋਵੇਗਾ।

### ਬ੍ਰਿਖ ਰਾਸ਼ੀ

**ਸ਼ਾਨਦਾਰ ਧਨ ਯੋਗ:** 14 ਮਈ ਤੋਂ ਬਾਅਦ ਲਗਨੇਸ਼ ਸ਼ੁੱਕਰ ਦਾ ਦੂਜੇ ਘਰ ਵਿੱਚ (ਧਨ ਸਥਾਨ) ਲਾਭ ਦੇ ਮਾਲਕ ਗੁਰੂ ਨਾਲ ਮਿਲਣਾ ਤੁਹਾਡੀ ਆਰਥਿਕ ਸਥਿਤੀ ਨੂੰ ਉੱਚਾਈਆਂ 'ਤੇ ਪਹੁੰਚਾਏਗਾ।

**ਖਰਚੇ, ਯਾਤਰਾਵਾਂ:** 11 ਮਈ ਨੂੰ ਖਰਚੇ ਵਾਲੇ ਸਥਾਨ (12ਵਾਂ ਘਰ) ਵਿੱਚ ਆਪਣੀ ਰਾਸ਼ੀ ਦੇ ਮੰਗਲ ਦਾ ਸੰਚਾਰ ਵਿਦੇਸ਼ੀ ਯਾਤਰਾਵਾਂ ਅਤੇ ਦੂਰ ਦੇ ਸਬੰਧਾਂ ਲਈ ਅਨੁਕੂਲ ਹੈ। ਪਰ ਬੇਲੋੜੇ ਖਰਚੇ, ਨੀਂਦ ਦੀ ਕਮੀ ਹੋਵੇਗੀ।

**ਆਤਮ-ਵਿਸ਼ਵਾਸ ਅਤੇ ਅਗਵਾਈ:** 15 ਮਈ ਤੋਂ ਜਨਮ ਰਾਸ਼ੀ ਵਿੱਚ ਸੂਰਜ-ਬੁੱਧ ਦਾ ਸੰਯੋਗ ਤੁਹਾਡੀ ਗੱਲ ਨੂੰ ਪੱਥਰ 'ਤੇ ਲਕੀਰ ਬਣਾ ਦੇਵੇਗਾ। ਤੁਹਾਡੀ ਬੁੱਧੀ ਚਮਕੇਗੀ, ਪਰ ਤੁਹਾਨੂੰ ਆਪਣੇ ਗੁੱਸੇ 'ਤੇ ਕਾਬੂ ਰੱਖਣਾ ਪਵੇਗਾ।

### ਮਿਥੁਨ ਰਾਸ਼ੀ

**ਲਗਨ ਵਿੱਚ ਸ਼ਾਨਦਾਰ ਯੋਗ:** 14 ਮਈ ਨੂੰ ਸ਼ੁੱਕਰ ਦਾ ਤੁਹਾਡੀ ਜਨਮ ਰਾਸ਼ੀ ਵਿੱਚ ਪ੍ਰਵੇਸ਼ ਕਰਨਾ ਅਤੇ ਗੁਰੂ ਨਾਲ ਮਿਲਣਾ ਤੁਹਾਡੀ ਨਿੱਜੀ ਖਿੱਚ ਅਤੇ ਸਾਖ ਨੂੰ ਬਹੁਤ ਵਧਾਏਗਾ। ਸਾਰਿਆਂ ਦੀਆਂ ਨਜ਼ਰਾਂ ਤੁਹਾਡੇ 'ਤੇ ਹੀ ਹੋਣਗੀਆਂ।



**ਆਰਥਿਕ ਵਰਦਾਨ:** 11 ਮਈ ਨੂੰ ਲਾਭ ਦਾ ਮਾਲਕ ਮੰਗਲ ਲਾਭ ਸਥਾਨ (11ਵੇਂ ਘਰ) ਵਿੱਚ ਹੀ ਆਪਣੀ ਰਾਸ਼ੀ ਵਿੱਚ ਮਜ਼ਬੂਤ ਹੋਣ ਕਾਰਨ ਤੁਸੀਂ ਉਮੀਦ ਤੋਂ ਵੱਧ ਵਿੱਤੀ ਲਾਭ ਪ੍ਰਾਪਤ ਕਰੋਗੇ। ਇੱਛਾਵਾਂ ਪੂਰੀਆਂ ਹੋਣਗੀਆਂ।

**ਦੂਜੇ ਅੱਧ ਵਿੱਚ ਯਾਤਰਾਵਾਂ, ਖਰਚੇ:** 15 ਮਈ ਤੋਂ ਲਗਨੇਸ਼ ਬੁੱਧ ਅਤੇ ਸੂਰਜ ਦਾ 12ਵੇਂ ਘਰ (ਖਰਚੇ ਦਾ ਸਥਾਨ) ਵਿੱਚ ਜਾਣਾ ਵਿਦੇਸ਼ੀ ਮਾਮਲਿਆਂ ਲਈ ਲਾਭਦਾਇਕ ਹੋਵੇਗਾ, ਪਰ ਕੰਮ ਵਿੱਚ ਥੋੜ੍ਹੀ ਥਕਾਵਟ ਅਤੇ ਯਾਤਰਾਵਾਂ ਕਾਰਨ ਖਰਚੇ ਹੋਣਗੇ।

### ਕਰਕ ਰਾਸ਼ੀ

**ਕਰੀਅਰ ਵਿੱਚ ਸ਼ਾਨਦਾਰ ਤਰੱਕੀ:** 11 ਮਈ ਨੂੰ ਮੰਗਲ ਦਾ ਦਸਵੇਂ ਘਰ (10ਵਾਂ ਘਰ) ਵਿੱਚ ਪ੍ਰਵੇਸ਼ ਕਰਕੇ ਸ਼ਾਨਦਾਰ 'ਰੁਚਕ ਯੋਗ' ਅਤੇ ਦਿਗਬਲ ਦੇਣਾ, ਦਫ਼ਤਰ ਵਿੱਚ ਤੁਹਾਡਾ ਦਬਦਬਾ ਬਣਾਏਗਾ। ਤੁਹਾਡੇ ਸਾਹਮਣੇ ਕੋਈ ਨਹੀਂ ਟਿਕ ਸਕੇਗਾ।

**ਆਰਥਿਕ ਵਰਦਾਨ:** 15 ਮਈ ਤੋਂ ਲਾਭ ਸਥਾਨ (11ਵੇਂ ਘਰ) ਵਿੱਚ ਸੂਰਜ-ਬੁੱਧ ਦਾ ਪ੍ਰਵੇਸ਼ ਵਿੱਤੀ ਤੌਰ 'ਤੇ ਵਿਸ਼ੇਸ਼ ਲਾਭ ਲਿਆਵੇਗਾ। ਪੁਰਾਣੇ ਬਕਾਏ ਵਸੂਲ ਹੋਣਗੇ।

**ਐਸ਼ੋ-ਆਰਾਮ 'ਤੇ ਖਰਚ:** 14 ਮਈ ਨੂੰ ਸ਼ੁੱਕਰ ਦਾ 12ਵੇਂ ਘਰ (ਖਰਚੇ ਦਾ ਸਥਾਨ) ਵਿੱਚ ਗੁਰੂ ਨਾਲ ਮਿਲਣਾ ਤੁਹਾਨੂੰ ਯਾਤਰਾਵਾਂ, ਘਰ ਦੀ ਸਜਾਵਟ ਅਤੇ ਨਿੱਜੀ ਐਸ਼ੋ-ਆਰਾਮ 'ਤੇ ਖੁਸ਼ੀ ਨਾਲ ਖਰਚ ਕਰਨ ਲਈ ਪ੍ਰੇਰਿਤ ਕਰੇਗਾ।

### ਸਿੰਘ ਰਾਸ਼ੀ

**ਅੱਠਵੇਂ ਘਰ ਦੇ ਦੋਸ਼ ਤੋਂ ਰਾਹਤ:** 11 ਮਈ ਨੂੰ ਯੋਗਕਾਰਕ ਮੰਗਲ 8ਵਾਂ ਘਰ ਛੱਡ ਕੇ 9ਵੇਂ ਘਰ (ਭਾਗ ਸਥਾਨ) ਵਿੱਚ ਪ੍ਰਵੇਸ਼ ਕਰੇਗਾ, ਜਿਸ ਨਾਲ ਪਿਛਲੀਆਂ ਰੁਕਾਵਟਾਂ ਅਤੇ ਸਿਹਤ ਸਮੱਸਿਆਵਾਂ ਦੂਰ ਹੋਣਗੀਆਂ। ਕਿਸਮਤ ਸਾਥ ਦੇਵੇਗੀ।

**ਕਰੀਅਰ ਵਿੱਚ ਸਿਖਰ:** 15 ਮਈ ਤੋਂ ਲਗਨੇਸ਼ ਸੂਰਜ ਕਰਮ ਸਥਾਨ (10ਵਾਂ ਘਰ) ਬ੍ਰਿਖ ਰਾਸ਼ੀ ਵਿੱਚ ਪ੍ਰਵੇਸ਼ ਕਰਨ ਕਾਰਨ ਤੁਹਾਡੇ ਲੀਡਰਸ਼ਿਪ ਗੁਣਾਂ ਵਿੱਚ ਵਾਧਾ ਹੋਵੇਗਾ। ਦਫ਼ਤਰ ਵਿੱਚ ਬੇਮਿਸਾਲ ਅਧਿਕਾਰ ਮਿਲੇਗਾ।

**ਆਰਥਿਕ ਲਾਭ:** ਲਾਭ ਸਥਾਨ (11ਵਾਂ ਘਰ) ਵਿੱਚ ਗੁਰੂ ਅਤੇ ਸ਼ੁੱਕਰ ਦਾ ਸੰਯੋਗ ਵਪਾਰ ਅਤੇ ਆਰਥਿਕ ਖੇਤਰਾਂ ਵਿੱਚ ਸ਼ਾਨਦਾਰ ਲਾਭ ਅਤੇ ਇੱਛਾਵਾਂ ਦੀ ਪੂਰਤੀ ਦੇਵੇਗਾ।

### ਕੰਨਿਆ ਰਾਸ਼ੀ

**ਕਰੀਅਰ ਵਿੱਚ ਸ਼ਾਨਦਾਰ ਤਰੱਕੀ:** 14 ਮਈ ਨੂੰ ਕਰਮ ਸਥਾਨ (10ਵੇਂ ਘਰ) ਵਿੱਚ ਸ਼ੁੱਕਰ-ਗੁਰੂ ਦੇ ਸੰਯੋਗ ਕਾਰਨ ਪੇਸ਼ੇਵਰ ਜੀਵਨ ਵਿੱਚ ਤੁਹਾਨੂੰ ਬੇਮਿਸਾਲ ਸਨਮਾਨ ਅਤੇ ਉੱਚ ਅਹੁਦੇ ਮਿਲਣਗੇ।

**ਅੱਠਵੇਂ ਘਰ ਦੇ ਮੰਗਲ ਤੋਂ ਸਾਵਧਾਨ:** 11 ਮਈ ਨੂੰ ਆਪਣੀ ਰਾਸ਼ੀ ਦਾ ਮੰਗਲ ਅੱਠਵੇਂ ਘਰ ਵਿੱਚ ਪ੍ਰਵੇਸ਼ ਕਰਨ ਕਾਰਨ ਵਾਹਨ ਹਾਦਸੇ, ਸਰਜਰੀ ਜਾਂ ਬਿਨਾਂ ਕਾਰਨ ਗੁੱਸਾ ਆ ਸਕਦਾ ਹੈ। ਸਬਰ ਰੱਖਣਾ ਜੀਵਨ ਰੱਖਿਅਕ ਸਾਬਤ ਹੋਵੇਗਾ।

**ਕਿਸਮਤ ਦਾ ਸਾਥ:** 15 ਮਈ ਤੋਂ ਭਾਗ ਸਥਾਨ (9ਵੇਂ ਘਰ) ਵਿੱਚ ਸੂਰਜ-ਬੁੱਧ ਦੇ ਸੰਚਾਰ ਕਾਰਨ ਕਿਸਮਤ ਤੁਹਾਡੇ ਨਾਲ ਹੋਵੇਗੀ। ਤੀਰਥ ਯਾਤਰਾਵਾਂ ਅਤੇ ਲੰਬੀ ਦੂਰੀ ਦੀਆਂ ਯਾਤਰਾਵਾਂ ਸਫਲ ਹੋਣਗੀਆਂ।

### ਤੁਲਾ ਰਾਸ਼ੀ

**ਅਦਭੁਤ ਕਿਸਮਤ ਅਤੇ ਰੱਬੀ ਮਿਹਰ:** 14 ਮਈ ਨੂੰ ਤੁਹਾਡੇ ਰਾਸ਼ੀ ਦਾ ਮਾਲਕ ਸ਼ੁੱਕਰ ਭਾਗ ਸਥਾਨ (9ਵਾਂ ਘਰ) ਵਿੱਚ ਜਾਣ ਕਾਰਨ ਤੁਹਾਡੇ ਵਿਚਾਰ ਉੱਚੇ ਰਹਿਣਗੇ। ਕੰਮਾਂ ਵਿੱਚ ਕਿਸਮਤ ਸਾਥ ਦੇਵੇਗੀ ਅਤੇ ਆਸਾਨੀ ਨਾਲ ਸਫਲਤਾ ਪ੍ਰਾਪਤ ਕਰੋਗੇ।

**ਵਪਾਰ ਵਿੱਚ ਤੇਜ਼ੀ:** 11 ਮਈ ਨੂੰ ਸੱਤਵੇਂ ਘਰ ਦਾ ਮਾਲਕ ਮੰਗਲ ਆਪਣੀ ਰਾਸ਼ੀ 7ਵੇਂ ਘਰ ਵਿੱਚ ਆਉਣਾ ਵਪਾਰੀਆਂ ਨੂੰ ਵੱਡਾ ਮੁਨਾਫਾ ਅਤੇ ਹਿੰਮਤ ਦੇਵੇਗਾ। ਪਰ ਵਿਆਹੁਤਾ ਜੀਵਨ ਵਿੱਚ ਹਉਮੈ (ਓਗੋ) ਨਾ ਆਉਣ ਦਾ ਧਿਆਨ ਰੱਖਣਾ ਪਵੇਗਾ।

**ਅੱਠਵੇਂ ਘਰ ਵਿੱਚ ਬਦਲਾਅ:** 15 ਮਈ ਤੋਂ 8ਵੇਂ ਘਰ ਵਿੱਚ ਸੂਰਜ-ਬੁੱਧ ਦਾ ਸੰਚਾਰ ਅਚਾਨਕ ਧਨ ਲਾਭ ਜਾਂ ਅਣਕਿਆਸੇ ਬਦਲਾਅ ਲਿਆਵੇਗਾ। ਸਿਹਤ ਪੱਖੋਂ ਸਾਵਧਾਨੀ ਦੀ ਲੋੜ ਹੈ।

### ਬ੍ਰਿਸ਼ਚਕ ਰਾਸ਼ੀ

**ਨੌਕਰੀ ਵਿੱਚ ਬੇਮਿਸਾਲ ਦਬਦਬਾ:** 11 ਮਈ ਨੂੰ ਤੁਹਾਡਾ ਲਗਨੇਸ਼ ਮੰਗਲ 6ਵੇਂ ਘਰ (ਮੇਖ) ਵਿੱਚ ਆਪਣੀ ਰਾਸ਼ੀ ਦਾ ਬਲ ਪ੍ਰਾਪਤ ਕਰਨ ਕਾਰਨ ਦਫ਼ਤਰ ਵਿੱਚ ਦੁਸ਼ਮਣਾਂ ਦੀਆਂ ਚਾਲਾਂ ਕੰਮ ਨਹੀਂ ਕਰਨਗੀਆਂ। ਤੁਹਾਡੀ ਪ੍ਰਮੋਸ਼ਨ ਅਤੇ ਕੰਮਾਂ ਵਿੱਚ ਸਫਲਤਾ ਯਕੀਨੀ ਹੈ। ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ।

**ਅਚਾਨਕ ਧਨ ਲਾਭ:** ਅੱਠਵੇਂ ਘਰ (8ਵਾਂ ਘਰ) ਵਿੱਚ ਗੁਰੂ-ਸ਼ੁੱਕਰ ਦੇ ਸੰਯੋਗ ਕਾਰਨ ਪੁਰਾਣੇ ਕਰਜ਼ੇ ਚੁਕਾਉਣ ਦੇ ਨਾਲ-ਨਾਲ ਵਿਰਾਸਤ ਜਾਂ ਭਾਈਵਾਲ ਰਾਹੀਂ ਅਚਾਨਕ ਪੈਸਾ ਮਿਲੇਗਾ।

**ਹਉਮੈ (ਈਗੋ) ਨੂੰ ਕਾਬੂ ਵਿੱਚ ਰੱਖੋ:** 15 ਮਈ ਤੋਂ 7ਵੇਂ ਘਰ ਵਿੱਚ ਸੂਰਜ ਦੇ ਸੰਚਾਰ ਕਾਰਨ ਜੀਵਨ ਸਾਥੀ ਜਾਂ ਵਪਾਰਕ ਭਾਈਵਾਲਾਂ ਨਾਲ ਬੇਲੋੜੇ ਹਉਮੈ ਦੇ ਟਕਰਾਅ ਹੋ ਸਕਦੇ ਹਨ। ਬਹਿਸਾਂ ਤੋਂ ਬਚਣਾ ਬਿਹਤਰ ਰਹੇਗਾ।

### ਧਨੁ ਰਾਸ਼ੀ

**ਸੱਤਵੇਂ ਘਰ ਵਿੱਚ ਰਾਜਯੋਗ:** 14 ਮਈ ਨੂੰ ਲਾਭ ਦਾ ਮਾਲਕ ਸ਼ੁੱਕਰ ਸੱਤਵੇਂ ਘਰ (7ਵਾਂ ਘਰ) ਵਿੱਚ ਗੁਰੂ ਨਾਲ ਮਿਲਣ ਕਾਰਨ ਵਿਆਹ ਦੀਆਂ ਕੋਸ਼ਿਸ਼ਾਂ ਸਫਲ ਹੋਣਗੀਆਂ। ਵਪਾਰੀਆਂ ਲਈ ਇਹ ਸੁਨਹਿਰੀ ਸਮਾਂ ਹੈ, ਨਾਮ ਅਤੇ ਪ੍ਰਸਿੱਧੀ ਵਧੇਗੀ।

**ਨੌਕਰੀ ਵਿੱਚ ਸ਼ਾਨਦਾਰ ਜਿੱਤ:** 15 ਮਈ ਤੋਂ ਭਾਗ ਦਾ ਮਾਲਕ ਸੂਰਜ 6ਵੇਂ ਘਰ ਵਿੱਚ ਸੰਚਾਰ ਕਰਨ ਕਾਰਨ ਦਫ਼ਤਰ ਵਿੱਚ ਤੁਹਾਡੇ ਦੁਸ਼ਮਣ ਨਸ਼ਟ ਹੋ ਜਾਣਗੇ। ਤੁਹਾਨੂੰ ਪ੍ਰਮੋਸ਼ਨ ਅਤੇ ਅਧਿਕਾਰੀਆਂ ਦਾ ਸਮਰਥਨ ਜ਼ਰੂਰ ਮਿਲੇਗਾ।

**ਘਰ ਵਿੱਚ ਰਾਹਤ:** 11 ਮਈ ਨੂੰ ਮੰਗਲ ਦੇ 4ਥੇ ਘਰ (ਸੁੱਖ ਸਥਾਨ) ਨੂੰ ਛੱਡ ਕੇ 5ਵੇਂ ਘਰ ਵਿੱਚ ਜਾਣ ਨਾਲ, ਉਦੋਂ ਤੱਕ ਘਰ ਵਿੱਚ ਚੱਲ ਰਹੀਆਂ ਬਹਿਸਾਂ, ਜਾਇਦਾਦ ਦੇ ਵਿਵਾਦ, ਵਾਹਨ ਦੀ ਮੁਰੰਮਤ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ।

### ਮਕਰ ਰਾਸ਼ੀ

**ਜਾਇਦਾਦ, ਵਾਹਨ ਲਾਭ:** 11 ਮਈ ਨੂੰ ਚੌਥੇ ਘਰ ਦਾ ਮਾਲਕ ਮੰਗਲ ਆਪਣੀ ਰਾਸ਼ੀ ਮੇਖ (4ਥੇ ਘਰ) ਵਿੱਚ ਪ੍ਰਵੇਸ਼ ਕਰਨ ਕਾਰਨ ਰੀਅਲ ਅਸਟੇਟ ਦੇ ਮਾਮਲਿਆਂ, ਨਵੇਂ ਘਰ ਜਾਂ ਵਾਹਨ ਖਰੀਦਣ ਲਈ ਅਨੁਕੂਲ ਸਮਾਂ ਹੈ।

**ਨੌਕਰੀ ਵਿੱਚ ਕੰਮ ਦਾ ਬੋਝ:** 14 ਮਈ ਤੋਂ ਯੋਗਕਾਰਕ ਸ਼ੁੱਕਰ ਦੇ 6ਵੇਂ ਘਰ (ਸੇਵਾ ਸਥਾਨ) ਵਿੱਚ ਸੰਚਾਰ ਕਰਨ ਕਾਰਨ ਦਫ਼ਤਰ ਵਿੱਚ ਜ਼ਿੰਮੇਵਾਰੀਆਂ ਵਧਣਗੀਆਂ। ਪ੍ਰਤੀਯੋਗੀਆਂ (Competitors) ਦਾ ਸਫਲਤਾਪੂਰਵਕ ਸਾਹਮਣਾ ਕਰੋਗੇ।

**ਪਰਿਵਾਰ ਵਿੱਚ ਸਬਰ:** 4ਥੇ ਘਰ ਵਿੱਚ ਮੰਗਲ ਦੇ ਉਗਰ ਰੂਪ, 2ਜੇ ਘਰ ਵਿੱਚ ਰਾਹੂ ਦੇ ਸੰਚਾਰ ਕਾਰਨ ਬੋਲ-ਬਾਣੀ ਵਿੱਚ ਕਠੋਰਤਾ ਆਵੇਗੀ, ਪਰਿਵਾਰਕ ਮੈਂਬਰਾਂ ਨਾਲ (ਖਾਸ ਕਰਕੇ ਮਾਤਾ ਜੀ ਨਾਲ) ਛੋਟੀਆਂ ਬਹਿਸਾਂ ਹੋ ਸਕਦੀਆਂ ਹਨ। ਗੁੱਸੇ 'ਤੇ ਕਾਬੂ ਰੱਖਣਾ ਪਵੇਗਾ।

### ਕੁੰਭ ਰਾਸ਼ੀ

**ਅਪਾਰ ਪਰਾਕਰਮ:** 11 ਮਈ ਨੂੰ ਕਰਮ ਦਾ ਮਾਲਕ ਮੰਗਲ ਤੀਜੇ ਸਥਾਨ ਵਿੱਚ (3ਜਾ ਘਰ - ਮੇਖ) ਆਪਣੀ ਰਾਸ਼ੀ ਦਾ ਬਲ ਪ੍ਰਾਪਤ ਕਰਨ ਕਾਰਨ ਤੁਹਾਡਾ ਆਤਮ-ਵਿਸ਼ਵਾਸ ਅਤੇ ਹਿੰਮਤ ਦੁੱਗਣੀ ਹੋ ਜਾਵੇਗੀ। ਪੇਸ਼ੇ ਵਿੱਚ ਜੋ ਚਾਹੋਗੇ ਉਹ ਹਾਸਲ ਕਰੋਗੇ।

**ਪੰਜਵੇਂ ਘਰ ਵਿੱਚ ਅਦਭੁਤ ਯੋਗ:** 14 ਮਈ ਨੂੰ ਯੋਗਕਾਰਕ ਸ਼ੁੱਕਰ 5ਵੇਂ ਘਰ ਵਿੱਚ ਗੁਰੂ ਨਾਲ ਮਿਲਣ ਕਾਰਨ ਕਲਾਕਾਰਾਂ, ਵਿਦਿਆਰਥੀਆਂ, ਅਤੇ ਪ੍ਰੇਮ ਜੀਵਨ ਲਈ ਇਹ ਸੁਨਹਿਰੀ ਸਮਾਂ ਹੈ। ਲਾਭ ਭਰਪੂਰ ਰਹਿਣਗੇ।

**ਘਰ ਵਿੱਚ ਦਬਦਬੇ ਦੀ ਲੜਾਈ:** 15 ਮਈ ਤੋਂ ਚੌਥੇ ਸਥਾਨ (4ਥੇ ਘਰ) ਵਿੱਚ ਸੂਰਜ ਦੇ ਸੰਚਾਰ ਕਾਰਨ ਘਰ ਦਾ ਮਾਹੌਲ ਥੋੜ੍ਹਾ ਗਰਮ ਰਹੇਗਾ। ਜਾਇਦਾਦ ਜਾਂ ਘਰ ਨਾਲ ਸਬੰਧਤ ਮਾਮਲਿਆਂ ਵਿੱਚ ਹੰਕਾਰ ਤੋਂ ਬਚਣਾ ਚਾਹੀਦਾ ਹੈ।


### ਮੀਨ ਰਾਸ਼ੀ

**ਆਰਥਿਕ ਵਾਧਾ, ਬੋਲ-ਬਾਣੀ 'ਤੇ ਕੰਟਰੋਲ:** 11 ਮਈ ਨੂੰ ਦੂਜੇ ਘਰ ਵਿੱਚ ਮੰਗਲ ਦਾ ਆਪਣੀ ਰਾਸ਼ੀ ਦਾ ਬਲ ਪ੍ਰਾਪਤ ਕਰਨ ਨਾਲ ਆਰਥਿਕ ਸਥਿਤੀ ਵਿੱਚ ਸ਼ਾਨਦਾਰ ਸੁਧਾਰ ਹੋਵੇਗਾ। ਪਰ, ਜੇਕਰ ਬਹਿਸ ਵਿੱਚ ਪੈਂਦੇ ਹੋ ਤਾਂ ਰਿਸ਼ਤੇ ਖਰਾਬ ਹੋ ਸਕਦੇ ਹਨ, ਆਪਣੀ ਬੋਲ-ਬਾਣੀ ਨੂੰ ਕੰਟਰੋਲ ਵਿੱਚ ਰੱਖਣਾ ਚਾਹੀਦਾ ਹੈ।

**ਦੁਸ਼ਮਣਾਂ 'ਤੇ ਜਿੱਤ, ਹਿੰਮਤ:** 15 ਮਈ ਤੋਂ ਸੂਰਜ ਦਾ ਤੀਜੇ ਘਰ ਵਿੱਚ ਸੰਚਾਰ ਕਰਨ ਨਾਲ ਤੁਹਾਡਾ ਆਤਮ-ਵਿਸ਼ਵਾਸ ਦੁੱਗਣਾ ਹੋਵੇਗਾ। ਕੰਮਾਂ ਵਿੱਚ ਆ ਰਹੀਆਂ ਰੁਕਾਵਟਾਂ ਦੂਰ ਹੋਣਗੀਆਂ, ਅਤੇ ਕੰਮ ਪੂਰੇ ਹੋਣਗੇ।

**ਘਰੇਲੂ ਸੁੱਖ:** 14 ਮਈ ਨੂੰ ਸ਼ੁੱਕਰ ਦਾ 4ਥੇ ਘਰ ਵਿੱਚ ਗੁਰੂ ਨਾਲ ਮਿਲਣਾ ਘਰ ਵਿੱਚ ਸ਼ਾਂਤੀ ਲਿਆਵੇਗਾ। ਨਵੀਆਂ ਚੀਜ਼ਾਂ, ਸਹੂਲਤਾਂ ਲਈ ਖੁਸ਼ੀ-ਖੁਸ਼ੀ ਖਰਚ ਕਰੋਗੇ।

# ਡਾ. ਮਹਿੰਦਰ ਸਿੰਘ ਗਿੱਲ ਦੀ ਕਾਵਿ-ਪੁਸਤਕ 'ਸੁੰਨੇ ਰਾਹਾਂ ਦਾ ਸਫ਼ਰ' – ਪੰਜਾਬੀ ਸੱਭਿਆਚਾਰ ਦੀ ਮਨਮੋਹਕ ਝਲਕ




ਡਾ. ਮਹਿੰਦਰ ਸਿੰਘ ਗਿੱਲ ਅੱਖਾਂ ਦੀਆਂ ਬੀਮਾਰੀਆਂ ਦੇ ਵਿਸ਼ਵ ਪੱਧਰ ਦੇ ਮੰਨੇ-ਪ੍ਰਮੰਨੇ ਮਾਹਿਰ ਸਰਜਨ ਹਨ। ਡਾਕਟਰੀ ਦੀ ਮੁੱਢਲੀ ਐੱਮ.ਬੀ.ਬੀ.ਐੱਸ. ਡਿਗਰੀ ਅਤੇ ਇਸ ਖੇਤਰ ਵਿੱਚ ਅਗਲੇਰੀ ਐੱਮ.ਐੱਸ. ਡਿਗਰੀ ਦੋਵੇਂ ਹੀ ਉਨ੍ਹਾਂ ਨੇ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀਆਂ। ਐੱਮ.ਐੱਸ. ਦੌਰਾਨ ਉਨ੍ਹਾਂ ਦੇ ਗਾਈਡ ਅੱਖਾਂ ਦੇ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਡਾ. ਦਲਜੀਤ ਸਿੰਘ ਸਨ, ਜਿਨ੍ਹਾਂ ਨੇ ਅੱਖਾਂ ਲਈ 'ਕੌਨਟੈਕਟ ਲੈੱਨਜ਼' (ਛੋਨਟਓਚਟ ਲ਼ਓਨਸ) ਦੀ ਵਿਸ਼ਵ ਪੱਧਰੀ ਖੋਜ ਕੀਤੀ ਹੈ। ਉਪਰੰਤ, ਐੱਫ.ਆਰ.ਸੀ.ਐੱਸ. ਦੀ ਡਿਗਰੀ ਡਾ. ਗਿੱਲ ਨੇ ਇੰਗਲੈਂਡ ਦੀ ਐਡਿਨਬਰਗ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਲੰਮਾਂ ਸਮਾਂ ਭਾਰਤ, ਇੰਗਲੈਂਡ, ਮਲੇਸ਼ੀਆ ਤੇ ਬਹਿਰੀਨ ਵਿੱਚ ਡਾਕਟਰੀ ਸੇਵਾਵਾਂ ਸਫ਼ਲਤਾ ਪੂਰਵਕ ਨਿਭਾਈਆਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਮਰੀਜ਼ਾਂ ਦੀਆਂ ਅੱਖਾਂ ਦੇ ਸਫ਼ਲ ਆਪਰੇਸ਼ਨ ਕਰਕੇ ਉਨ੍ਹਾਂ ਨੂੰ ਇਸ ਦੁਨੀਆਂ ਦੇ ਸੁਹਾਵਣੇ ਨਕਸ਼ ਤੇ ਅਕਸ ਮੁੜ ਤੋਂ ਸਾਫ਼-ਸੁਥਰੇ ਰੂਪ ਵਿੱਚ ਵੇਖਣ ਦੇ ਯੋਗ ਬਣਾਇਆ।

ਖ਼ੈਰ! ਇਹ ਤਾਂ ਹੋਈ ਡਾ. ਗਿੱਲ ਦੇ ਪੇਸ਼ੇ ਜਾਂ ਕਿੱਤੇ ਦੀ ਗੱਲ, ਜੋ ਹਰੇਕ ਇਨਸਾਨ ਕਿਸੇ ਨਾ ਕਿਸੇ ਢੰਗ ਨਾਲ ਰੋਜ਼ੀ-ਰੋਟੀ ਲਈ ਕਰਦਾ ਹੈ। ਇਸਦੇ ਨਾਲ ਹੀ ਉਨ੍ਹਾਂ ਦੇ ਜੀਵਨ ਦੇ ਇਸ ਸਫ਼ਰ ਦੌਰਾਨ ਉਨ੍ਹਾਂ ਦਾ ਵਿਸ਼ਾਲ ਹਿਰਦਾ ਵੀ ਬਾਖ਼ੂਬੀ ਕੰਮ ਕਰਦਾ ਰਿਹਾ ਹੈ ਜਿਸ ਰਾਹੀਂ ਉਨ੍ਹਾਂ ਦੀਆਂ ਕੋਮਲ ਭਾਵਨਾਵਾਂ ਤੇ ਸੁਥਰੀਆਂ ਸੋਚਾਂ ਗ਼ਜ਼ਲਾਂ ਤੇ ਗੀਤਾਂ ਦੇ ਰੂਪ ਵਿੱਚ ਪ੍ਰਗਟ ਹੁੰਦੀਆਂ ਰਹੀਆਂ ਹਨ। ਇਸ ਪੁਸਤਕ ਦੇ ਆਉਣ ਤੋਂ ਪਹਿਲਾਂ 2024 ਵਿੱਚ ਉਨ੍ਹਾਂ ਦੀਆਂ ਗ਼ਜ਼ਲਾਂ ਦਾ ਸੰਗ੍ਰਹਿ 'ਬਦਲਦੇ ਮੌਸਮਾਂ ਦੇ ਫੁੱਲ' ਆ ਚੁੱਕਾ ਹੈ ਅਤੇ ਪਾਠਕ ਇਸਦਾ ਅਨੰਦ ਮਾਣ ਚੁੱਕੇ ਹਨ।

ਅੰਮ੍ਰਿਤਸਰ ਰਹਿੰਦੇ ਮੇਰੇ ਪਿਆਰੇ ਮਿੱਤਰ ਅੱਖਾਂ ਦੇ ਮਾਹਿਰ ਡਾ. ਬਲਜੀਤ ਸਿੰਘ ਢਿੱਲੋਂ, ਜਿਨ੍ਹਾਂ ਦੇ ਨਾਲ ਮੇਰੇ ਪਿਛਲੇ ਪੰਜ ਦਹਾਕਿਆਂ ਤੋਂ ਨਿੱਘੀ ਦੋਸਤੀ ਦੇ ਸਬੰਧ ਰਹੇ ਹਨ ਤੇ ਇਹ ਹੁਣ ਵੀ ਹਨ, ਇਸ ਪੁਸਤਕ ਬਾਰੇ ਗੱਲ ਕਰਦਿਆਂ ਕਹਿੰਦੇ ਹਨ ਕਿ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਪੜ੍ਹਦਿਆਂ ਡਾ. ਗਿੱਲ ਉਨ੍ਹਾਂ ਤੋਂ ਤਿੰਨ ਸਾਲ ਸੀਨੀਅਰ ਸਨ ਅਤੇ ਉਹ ਦੋ ਸਾਲ ਉਨ੍ਹਾਂ ਦੇ ਤੂੰਬੀ ਨਾਲ ਗਾਏ ਗੀਤਾਂ ਦਾ ਅਨੰਦ ਮਾਣਦੇ ਰਹੇ ਹਨ। ਹੋ ਸਕਦਾ ਹੈ ਕਿ ਉਦੋਂ ਤਾਂ ਉਹ ਤਤਕਾਲੀ ਗਾਇਕਾਂ ਦੇ ਗਾਏ ਹੋਏ ਪ੍ਰਚੱਲਤ ਗੀਤ ਹੀ ਗਾਉਂਦੇ ਹੋਣ, ਪਰ ਬਾਅਦ ਵਿੱਚ ਉਨ੍ਹਾਂ ਨੇ ਆਪ ਵੀ ਗ਼ਜ਼ਲਾਂ ਤੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ ਅਤੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਗਾਏ ਵੀ, ਕਿਉਂਕਿ ਗਾਉਣ ਦਾ ਸ਼ੌਕ ਤਾਂ ਉਨ੍ਹਾਂ ਨੂੰ ਬਚਪਨ ਤੋਂ ਹੀ ਸੀ।

ਹਥਲੀ ਪੁਸਤਕ 'ਸੁੰਨੇ ਰਾਹਾਂ ਦਾ ਸਫ਼ਰ' ਡਾ. ਗਿੱਲ ਦੇ 75 ਗੀਤਾਂ ਅਤੇ ਕਵਿਤਾਵਾਂ ਦਾ ਖ਼ੂਬਸੂਰਤ ਗੁਲਦਸਤਾ ਜੋ ਇਸਦੇ 160 ਪੰਨਿਆਂ ਵਿੱਚ ਫ਼ੈਲਿਆ ਹੋਇਆ ਹੈ। ਇਸ ਨੂੰ ਉਨ੍ਹਾਂ ਨੇ ਆਪਣੇ ਗੀਤਾਂ ਤੇ ਕਵਿਤਾਵਾਂ ਰੂਪੀ ਫੁੱਲਾਂ ਨਾਲ ਬਾਖ਼ੂਬੀ ਸਜਾਇਆ ਹੈ। ਹਰੇਕ 'ਫੁੱਲ' ਦੀ ਆਪਣੀ ਸੁੰਦਰਤਾ ਹੈ, ਆਪਣੀ ਤਾਜ਼ਗੀ ਹੈ ਅਤੇ ਆਪਣੀ ਹੀ ਮਹਿਕ ਹੈ। ਇਨ੍ਹਾਂ ਗੀਤਾਂ ਅਤੇ ਕਵਿਤਾਵਾਂ ਵਿੱਚ ਆਪਣੀ ਹੀ ਵੱਖਰੀ ਕਿਸਮ ਦੀ ਸੰਵੇਦਨਸ਼ੀਲਤਾ ਮੌਜੂਦ ਹੈ ਅਤੇ ਇਹ ਬਿਰਹਾ, ਵਿਛੋੜੇ, ਹਿਜਰ, ਤਾਂਘ, ਇੱਛਾ, ਨਿਹੋਰੇ, ਆਦਿ ਮਨੋਭਾਵਾਂ ਨੂੰ ਕਲਾਤਮਿਕ ਰੂਪ ਵਿੱਚ ਬਾਖ਼ੂਬੀ ਪੇਸ਼ ਕਰਦੇ ਹਨ। ਇਹ ਗੀਤ ਤੇ ਕਵਿਤਾਵਾਂ ਪੰਜਾਬ ਦੀ ਮਿੱਟੀ ਅਤੇ ਪੰਜਾਬ ਦੇ ਅਮੀਰ ਸੱਭਿਆਚਾਰ ਨਾਲ ਓਤਪੋਤ ਹਨ ਅਤੇ ਇਨ੍ਹਾਂ ਵਿੱਚ ਪੰਜਾਬੀਅਤ ਡਲ਼ਕਾਂ ਮਾਰਦੀ ਨਜ਼ਰ ਆਉਂਦੀ ਹੈ। ਇਨ੍ਹਾਂ ਗੀਤਾਂ ਤੇ ਕਵਿਤਾਵਾਂ ਦੀਆਂ ਕੁਝ ਕੁ ਵੰਨਗੀਆਂ ਹੇਠਾਂ ਪੇਸ਼ ਕਰਨ ਦੀ ਕੋਸ਼ਿਸ਼ ਰਿਹਾ ਹਾਂ।

ਗੀਤ 'ਤੇਰਾ ਚੰਦਰਾ ਪਿਆਰ' 'ਚ ਡਾ. ਗਿੱਲ ਕਹਿੰਦੇ ਹਨ:

ਮੇਰਾ ਕੱਤਦੀ ਦਾ ਅੱਜ ਤੰਦ ਟੁੱਟਦਾ ਰਿਹਾ,
ਅੱਖ ਫਰਕੇ ਹੱਥਾਂ 'ਚੋਂ ਸੂਤ ਛੁੱਟਦਾ ਰਿਹਾ।
ਜਦੋਂ ਉਂਗਲਾਂ 'ਚ ਫੜਾਂ ਪੂਣੀਆਂ ਮੈਂ ਬੱਗੀਆਂ,
ਘੂਕਾਂ ਚਰਖੇ ਦੀਆਂ ਨਾ ਸਾਨੂੰ ਠੀਕ ਲੱਗੀਆਂ।
ਤਿੱਖਾ ਤੱਕਲੇ ਦਾ ਸਿਰਾ ਪੋਟੇ ਪੁਟਦਾ ਰਿਹਾ,
ਮੇਰਾ ਕੱਤਦੀ ਦਾ ਅੱਜ ਤੰਦ ਟੁੱਟਦਾ ਰਿਹਾ। (ਪੰਨਾ-23)

ਇੱਥੇ ਤੰਦ, ਸੂਤ, ਪੂਣੀਆਂ, ਤੱਕਲਾ, ਚਰਖੇ ਦੀ ਘੂਕ, ਆਦਿ ਸਾਰੇ ਸ਼ਬਦ ਪੰਜਾਬੀ ਸੱਭਿਆਚਾਰ ਦੇ ਅਹਿਮ ਅੰਗ 'ਚਰਖੇ' ਅਤੇ ਚਰਖਾ ਕੱਤਣ ਦੀ ਕਿਰਿਆ ਨਾਲ ਜੁੜੇ ਹੋਏ ਹਨ ਜਿਨ੍ਹਾਂ ਰਾਹੀਂ ਪੰਜਾਬੀ ਮੁਟਿਆਰ ਆਪਣੇ ਮਨੋਭਾਵ ਪ੍ਰਗਟ ਕਰ ਰਹੀ ਹੈ। ਪੰਜਾਬੀ ਸੱਭਿਆਚਾਰ ਵਿੱਚ ਰੰਗਾਂ ਦੀ ਆਪਣੀ ਹੀ ਅਹਿਮੀਅਤ ਹੈ। ਪੰਜਾਬੀ ਗੱਭਰੂ ਵੱਖ-ਵੱਖ ਰੰਗਾਂ ਦੀਆਂ ਪੱਗਾਂ ਬੰਨਦੇ ਹਨ ਅਤੇ ਮੁਟਿਆਰਾਂ ਤਰ੍ਹਾਂ-ਤਰ੍ਹਾਂ ਦੇ ਰੰਗਾਂ ਦੀਆਂ ਚੁੰਨੀਆਂ ਰੰਗਵਾਉਂਦੀਆਂ ਹਨ। ਅੱਜਕੱਲ੍ਹ ਭਾਵੇਂ ਪੱਕੇ ਰੰਗਾਂ ਵਾਲੀਆਂ ਪੱਗਾਂ ਤੇ ਚੁੰਨੀਆਂ ਉਪਲੱਬਧ ਹਨ, ਪਰ ਫਿਰ ਵੀ ਕਈ ਗੱਭਰੂ ਤੇ ਮੁਟਿਆਰਾਂ ਅਜੇ ਵੀ ਇਹ ਉਚੇਚੇ ਤੌਰ 'ਤੇ ਆਪਣੀ ਪਸੰਦ ਦੇ ਰੰਗਾਂ ਦੀਆਂ ਰੰਗਵਾਉਂਦੇ ਤੇ ਰੰਗਵਾਉਂਦੀਆਂ ਹਨ। ਮੁਟਿਆਰ ਵੱਲੋਂ ਚੁਣਿਆਂ ਹੋਇਆ ਰੰਗ ਜਦੋਂ ਉਸਦੀ ਚੁੰਨੀ ਨੂੰ ਨਹੀਂ ਚੜ੍ਹਦਾ ਤਾਂ ਉਹ ਲਲਾਰੀ ਨੂੰ ਇਸਦਾ ਉਲਾਂਭਾ ਦਿੰਦੀ ਹੋਈ ਕਹਿੰਦੀ ਹੈ:

ਕਿਹੋ ਜਿਹਾ ਚੜ੍ਹਾਤਾ ਇਹ ਲਲਾਰੀਆ ਤੂੰ ਰੰਗ ਵੇ,
ਸਾਨੂੰ ਮਾਹੀ ਕੋਲ ਜਾਣ ਤੋਂ ਹੀ ਲੱਗੀ ਜਾਵੇ ਸੰਗ ਵੇ।
ਮੈਂ ਸੀ ਕਿਹਾ ਕਰੀ ਚੜ੍ਹਦੀ ਸਵੇਰ ਵਰਗਾ,
ਹੋਵੇ ਰੋਹੀ ਦੀਆਂ ਬੇਰੀਆਂ ਦੇ ਬੇਰ ਵਰਗਾ,
ਵੇਖ ਕਿਵੇਂ ਰੋਈ ਜਾਂਦੀ ਏ, ਸ਼ਗਨਾਂ ਦੀ ਵੰਗ ਵੇ,
ਕਿਹੋ ਜਿਹਾ ਚੜ੍ਹਾਤਾ ਇਹ ਲਲਾਰੀਆ ਤੂੰ ਰੰਗ ਵੇ। (ਪੰਨਾ-31)

ਇੱਥੇ ਇਸ ਗੀਤ ਵਿੱਚ 'ਚੜ੍ਹਦੀ ਸਵੇਰ' ਅਤੇ 'ਰੋਹੀ ਦੀਆਂ ਬੇਰੀਆਂ' ਵਰਗੇ ਰੰਗ ਦੀ ਆਪਣੀ ਹੀ ਵੱਖਰੀ ਸ਼ਾਨ ਹੈ ਜੋ ਉਸ ਮੁਟਿਆਰ ਦੇ ਵਲਵਲਿਆਂ ਨੂੰ ਪ੍ਰਗਟ ਕਰਦੀ ਹਨ। ਲਲਾਰੀ ਦੇ ਕੋਲ ਤਾਂ ਕਈ ਵੱਖੋ-ਵੱਖਰੇ ਰੰਗ ਮੌਜੂਦ ਹਨ ਪਰ ਉਸ ਮੁਟਿਆਰ ਦੀ ਆਪਣੀ ਹੀ 'ਵੱਖਰੀ' ਚੋਣ ਹੈ ਜਿਸ ਨੂੰ ਲਲਾਰੀ ਚੰਗੀ ਤਰ੍ਹਾਂ ਸਮਝ ਨਹੀਂ ਸਕਿਆ ਅਤੇ ਉਸਨੂੰ ਮੁਟਿਆਰ ਦਾ ਇਹ ਉਲਾਂਭਾ ਸਹਿਣਾ ਪੈ ਰਿਹਾ ਹੈ। ਇੱਕ ਹੋਰ ਗੀਤ ਵਿੱਚ ਮੁਟਿਆਰ ਦੂਰ ਗਏ ਆਪਣੇ ਮਾਹੀ ਨੂੰ ਯਾਦ ਕਰ ਰਹੀ ਹੈ। ਉਸ ਨੂੰ ਰਾਤਾਂ ਨੂੰ ਨੀਂਦ ਨਹੀਂ ਆਉਂਦੀ ਅਤੇ ਉਹ ਉਸਦੀ ਉਡੀਕ ਵਿੱਚ ਉਹ ਪਾਸੇ ਵੱਟ-ਵੱਟ ਕੇ ਰਾਤਾਂ ਗੁਜ਼ਾਰ ਰਹੀ ਹੈ:

ਸਾਨੂੰ ਸਾਰੀ ਰਾਤ ਲੰਘੀ ਪਾਸੇ ਵੱਟ-ਵੱਟ ਕੇ,
ਤੇਰੀ ਯਾਦ ਸਾਨੂੰ ਆਉਂਦੀ ਰਹੀ ਹੱਟ ਹੱਟ ਕੇ।
ਸੋਚਾਂ ਸੋਚਾਂ ਵਿੱਚ ਉਂਗਲਾਂ ਮਰੋੜਦੀ ਰਹੀ,
ਲੱਭਾਂ ਮੋਹ ਬਾਰ-ਬਾਰ ਵੰਗ ਤੋੜਦੀ ਰਹੀ,
ਮੱਛੀ ਮੁੜ ਗਈ, ਪੱਥਰਾਂ ਨੂੰ ਚੱਟ-ਚੱਟ ਕੇ,
ਤੇਰੀ ਯਾਦ ਸਾਨੂੰ ਆਉਂਦੀ ਰਹੀ ਹੱਟ ਹੱਟ ਕੇ। (ਪੰਨਾ-81)

ਇੱਥੇ 'ਪਾਸੇ ਵੱਟ-ਵੱਟ ਕੇ ਰਾਤ ਲੰਘਾਉਣੀ', 'ਵੰਗਾਂ ਤੋੜ ਕੇ ਉਨ੍ਹਾਂ ਦੇ ਛੋਟੇ-ਛੋਟੇ ਬਰੀਕ ਟੁਕੜਿਆਂ ਵਿੱਚੋਂ ਮਾਹੀ ਦਾ ਪਿਆਰ ਲੱਭਣਾ' ਅਤੇ 'ਮੱਛੀ ਦਾ ਪੱਥਰ ਚੱਟ ਕੇ ਮੁੜਨਾ' ਵਰਗੀ ਮੁਹਾਵਰੇਦਾਰ ਬੋਲੀ ਨਾਲ ਮੁਟਿਆਰ ਵੱਲੋਂ ਆਪਣੇ ਨਿਰਛੱਲ ਪਿਆਰ ਦਾ ਖ਼ੂਬਸੂਰਤ ਪ੍ਰਗਟਾਵਾ ਕੀਤਾ ਗਿਆ ਹੈ। ਇਹ ਮੁਹਾਵਰੇ ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਬਹੁ-ਮੁੱਲੀ ਅਮੀਰੀ ਬਖ਼ਸ਼ਦੇ ਹਨ। ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ ਦੇ ਅਟੁੱਟ-ਪਿਆਰ ਦੇ ਕਿੱਸੇ ਪੰਜਾਬੀ ਸੱਭਿਆਚਾਰ ਦਾ ਅਹਿਮ ਅੰਗ ਹਨ। ਡਾ. ਗਿੱਲ ਵੱਲੋਂ ਇਨ੍ਹਾਂ ਕਿੱਸਿਆਂ ਨੂੰ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਮੰਨਦਿਆਂ ਹੋਇਆਂ ਆਪਣੇ ਇਸ ਗੀਤ ਵਿੱਚ ਬਾਖ਼ੂਬੀ ਪੇਸ਼ ਕੀਤਾ ਗਿਆ ਹੈ:

ਵੇਖ ਲਿਆ ਏ ਬਥੇਰਾ ਵਿਸ਼ਵਾਸ ਕਰਕੇ,
ਮਾਰੂਥਲਾਂ ਵਿੱਚ ਬਾਰਸ਼ਾਂ ਦੀ ਆਸ ਕਰਕੇ,
ਜੀਹਦੇ ਕਦਮਾਂ 'ਚ ਆਪਣਾ ਜਹਾਨ ਧਰਿਆ,
ਉਹਨੇ ਇੱਕ ਨਾ ਪਿਆਰ ਦਾ ਹੁੰਗਾਰਾ ਭਰਿਆ।

ਮੈਂ ਤਾਂ ਪਾਣੀਆਂ 'ਚ ਡੁੱਬੀ, ਮੈਂ ਰੇਤ 'ਚ ਗੁਆਚੀ,
ਦੋਸ਼ ਘੜਿਆਂ 'ਤੇ ਲੱਹਾ, ਦਗ਼ੇਬਾਜ਼ ਬਣੀ ਡਾਚੀ,
ਝੂਠੇ ਲਾਰਿਆਂ ਨੇ ਭੋਰਾ ਨਾ ਲਿਹਾਜ਼ ਕਰਿਆ,
ਉਹਨੇ ਇੱਕ ਨਾ ਪਿਆਰ ਦਾ ਹੁੰਗਾਰਾ ਭਰਿਆ। (ਪੰਨਾ-83)

ਇਸਦੇ ਨਾਲ ਹੀ ਅਧੂਰੇ ਇਸ਼ਕ ਨੂੰ ਦਰਸਾਉਂਦਾ ਹੋਇਆ ਇੱਕ ਖ਼ੂਬਸੂਰਤ ਗੀਤ ਡਾ. ਗਿੱਲ ਵੱਲੋਂ ਇਸ ਪੁਸਤਕ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਸ ਵਿੱਚ ਇੱਕ ਧਿਰ ਮੂੰਹ ਮੋੜ ਲੈਂਦੀ ਹੈ ਅਤੇ ਕਿਧਰੇ ਬਹੁਤ ਦੂਰ ਚਲੇ ਜਾਂਦੀ ਹੈ, ਜਾਂ ਜਦੋਂ ਉਹ ਇਸ ਸੰਸਾਰ ਤੋਂ ਚਲੇ ਜਾਂਦੀ ਹੈ ਤਾਂ ਦੂਸਰੀ ਧਿਰ ਦੀ ਕਿੰਨੀ ਮਾੜੀ ਹਾਲਤ ਹੁੰਦੀ ਹੈ। ਗੀਤ ਦੇ ਬੋਲ ਹਨ:

ਤੇਰਾ ਰਾਹ ਤਾਂ ਪਛਾਣ ਲਿਆ, ਤੇਰੀ ਪੈੜ ਹੀ ਗੁਆਚ ਗਈ,
ਤੇਰੀ ਰੂਹ ਨੂੰ ਸਿਆਣ ਲਿਆ, ਤੇਰੀ ਪੈੜ ਹੀ ਗੁਆਚ ਗਈ।

ਯਾਦ ਬਿਰਖਾਂ ਨੂੰ ਕੁਝ ਨਾ ਰਿਹਾ
ਧੂੜਾਂ ਉੱਡੀਆਂ ਤੇ ਖਿਲਰ ਗਈਆਂ।
ਅੱਖ ਖੋਜੀ ਦੀ ਵੀ ਕੀ ਕਰ ਲਊ
ਸੱਭ ਧੁੰਦਲਾਂ ਈ ਬਿਖਰ ਗਈਆਂ।
ਪਰਛਾਈਆਂ ਨੂੰ ਛਾਣ ਲਿਆ, ਤੇਰੀ ਪੈੜ ਗੁਆਚ ਗਈ।
ਤੇਰਾ ਰਾਹ ਤਾਂ ਪਛਾਣ ਲਿਆ, ਤੇਰੀ ਪੈੜ ਹੀ ਗੁਆਚ ਗਈ। (ਪੰਨਾ-97)

ਏਸੇ ਮਾਨਸਿਕ ਹਾਲਾਤ ਨੂੰ ਪੇਸ਼ ਕਰਦਾ ਹੋਇਆ ਪੁਸਤਕ ਦਾ ਇੱਕ ਹੋਰ ਗੀਤ ਹੈ:

ਖੜਾ ਕਰ'ਤਾ ਲਿਆ ਕੇ ਕਿਸ ਮੋੜ 'ਤੇ,
ਵੇ ਤੇਰੀਆਂ ਮੁਹੱਬਤਾਂ ਨੇ,
ਕੀਤੇ ਕੌਲ ਤੇ ਕਰਾਰ ਸਾਰੇ ਤੋੜ 'ਤੇ,
ਵੇ ਤੇਰੀਆਂ ਮੁਹੱਬਤਾਂ ਨੇ।
ਅੱਗਾ ਪਿੱਛਾ ਸਾਥੋਂ ਕਿੰਨਾ ਦੂਰ ਦੂਰ ਹੋ ਗਿਆ,
ਡਾਚੀ ਵਾਲੇ ਦਾ ਭਰੋਸਾ ਚੂਰ ਚੂਰ ਹੋ ਗਿਆ,
ਘੜੇ ਚਾਵਾਂ ਦੇ ਭਰੇ ਸੀ ਸਾਰੇ ਫੋੜ'ਤੇ,
ਵੇ ਤੇਰੀਆਂ ਮੁਹੱਬਤਾਂ ਨੇ,
ਖੜਾ ਕਰ'ਤਾ ਲਿਆ ਕੇ ਕਿਸ ਮੋੜ 'ਤੇ,
ਵੇ ਤੇਰੀਆਂ ਮੁਹੱਬਤਾਂ ਨੇ। (ਪੰਨਾ-101)

ਇਸ ਪੁਸਤਕ ਵਿੱਚ ਡਾ. ਗਿੱਲ ਦੇ ਬਹੁਤੇ ਗੀਤ ਮੁਟਿਆਰ ਵੱਲੋਂ ਆਪਣੇ ਮਾਹੀ ਜਾਂ ਕਹਿ ਲਓ ਕਿ ਮਹਿਬੂਬਾ ਵੱਲੋਂ ਆਪਣੇ ਮਹਿਬੂਬ ਨੂੰ ਮੁਖ਼ਾਤਿਬ ਹਨ। ਇਨ੍ਹਾਂ ਵਿੱਚ ਇੱਕ ਗੀਤ ਮਹਿਬੂਬ ਵੱਲੋਂ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ:

ਮੱਥੇ ਦੇ ਟਿੱਕੇ ਵਾਂਗਰਾਂ ਆਪਣੇ ਹੀ ਕੋਲ ਰੱਖਾਂ,
ਕੇਸਰ ਦੀ ਖ਼ੁਸ਼ਬੂ ਵਰਗਾ ਸਾਹਾਂ 'ਚ ਘੋਲ਼ ਰੱਖਾਂ।
ਡਿੱਗੇ ਤੇਰਾ ਪਰਛਾਵਾਂ ਕਲੀਆਂ ਦੇ ਫੁੱਲਾਂ ਉੱਤੇ,
ਰੁਕਿਆ ਰਹੇ ਨਾਮ ਤੇਰਾ ਪਤਲੋ ਦੇ ਬੁੱਲ੍ਹਾਂ ਉੱਤੇ,

ਚਾਵਾਂ ਦਾ ਇਤਰ ਦਿਲ ਦੀ ਦੇਹਲੀ 'ਤੇ ਡੋਲ੍ਹ ਰੱਖਾਂ,
ਮੱਥੇ ਦੇ ਟਿੱਕੇ ਵਾਂਗਰਾਂ ਆਪਣੇ ਹੀ ਕੋਲ ਰੱਖਾਂ। (ਪੰਨਾ-117)

ਇਸ ਗੀਤ ਦੀ ਖ਼ੂਬਸੂਰਤੀ ਇਸ ਵਿੱਚ ਆਏ ਸ਼ਬਦਾਂ 'ਮੱਥੇ ਦੇ ਟਿੱਕੇ', 'ਕੇਸਰ ਦੀ ਖ਼ੁਸ਼ਬੂ', 'ਕਲੀਆਂ ਦੇ ਫੁੱਲਾਂ', 'ਪਤਲੋ ਦੇ ਬੁੱਲ੍ਹਾਂ', 'ਚਾਵਾਂ ਦਾ ਇਤਰ' ਅਤੇ 'ਦਿਲ ਦੀ ਦੇਹਲੀ' ਕਰਕੇ ਵੀ ਹੈ ਜੋ ਇਸ ਨੂੰ ਹੋਰ ਵੀ ਮਨਮੋਹਕ ਬਣਾਉਂਦੇ ਹਨ। ਪੁਸਤਕ ਦੇ ਅਖ਼ੀਰ ਵੱਲ ਵੱਧਦਿਆਂ ਇਸ ਵਿੱਚ ਕੁਝ ਕਵਿਤਾਵਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ ਜਿਨ੍ਹਾਂ ਦਾ ਆਪਣਾ ਵੱਖਰਾ ਹੀ ਅੰਦਾਜ਼ ਹੈ, ਜਿਵੇਂ –

ਕੁਛ ਪੀੜਾਂ ਬੱਸ ਸਾਡੇ ਕੋਲੇ ਕੁਛ ਕੰਧਾਂ ਟੱਪ ਗਈਆਂ,
ਕੁਛ ਸਾਹਾਂ ਦੇ ਸੰਗ ਮਰਦੀਆਂ, ਕੁਛ ਹੱਡਾਂ ਵਿੱਚ ਰਹੀਆਂ।

ਕੁਛ ਅੰਬਰ ਦੀ ਵੇਲ ਵਾਂਗਰਾਂ, ਚਿੰਬੜੀਆਂ ਮਾਂ ਦੇ ਗਲ਼ ਨੂੰ,
ਕੁਛ ਬਾਪੂ ਦੀ ਉਂਗਲ਼ ਫੜ੍ਹ ਕੇ, ਤੁਰਗ਼ੀਆਂ ਰੋਹੀ ਵੱਲ ਨੂੰ,
ਕੁਛ ਬੱਸ ਚੁੱਪ ਨੂੰ ਹੋਠਾਂ ਕੁ਼ਲ ਬਿਠਾ ਕੇ ਅੰਦਰੇ ਈ ਬਹੀਆਂ,
ਕੁਛ ਪੀੜਾਂ ਬੱਸ ਸਾਡੇ ਕੋਲੇ ਕੁਛ ਕੰਧਾਂ ਟੱਪ ਗਈਆਂ। (ਪੰਨਾ-155)

ਇੱਕ ਹੋਰ ਕਵਿਤਾ ਵਿੱਚ ਡਾ. ਗਿੱਲ ਆਪਣੇ ਪਿੰਡ ਨੂੰ ਬੜੀ ਬੇਤਾਬੀ ਨਾਦ ਯਾਦ ਕਰਦੇ ਹਨ। ਉਹ ਪਿੰਡ ਦੀ 'ਤ੍ਰਿਵੈਣੀ ਦੀ ਠੰਢੀ ਛਾਂ', 'ਰੋਹੀ ਦਾ ਜੰਡ', 'ਗੁੜ ਦੀ ਮਹਿਕ', ਤੇ 'ਭੱਠੀ ਦੇ ਦਾਣੇ' ਲੋਚਦੇ ਹਨ:

ਕਿਤੇ ਧੁੱਪ ਹੋਵੇ ਕਿਤੇ ਛਾਂ ਹੋਵੇ,
ਕਿਧਰੇ ਤਾਂ, ਮੇਰੇ ਪਿੰਡ ਵਰਗੀ ਕੋਈ ਥਾਂ ਹੋਵੇ।
ਤ੍ਰਿਵੈਣੀ ਦੀ ਕਿਤੇ ਠੰਢ ਹੋਵੇ,
ਰੋਹੀ ਦਾ ਗੱਭਰੈ ਜੰਡ ਹੋਵੇ,
ਮਾਰ ਮੜ੍ਹਾਸਾ ਸਿਰ 'ਤੇ ਰੱਖੀ,
ਚਿੱਟੇ ਰੂਹ ਦੀ ਪੰਡ ਹੋਵੇ,
ਗੁੜ ਦੀ ਮਹਿਕ, ਭੱਠੀ ਦੇ ਦਾਣੇ,
ਟਿੱਬਿਆਂ ਕੋਲ਼ ਗਰਾਂ ਹੋਵੇ,
ਕਿਧਰੇ ਤਾਂ, ਮੇਰੇ ਪਿੰਡ ਵਰਗੀ ਕੋਈ ਥਾਂ ਹੋਵੇ। (ਪੰਨ-159)


ਇਸ ਤਰ੍ਹਾਂ ਇਸ ਪੁਸਤਕ ਦੇ ਲੇਖਕ ਡਾ. ਮਹਿੰਦਰ ਸਿੰਘ ਗਿੱਲ ਵੱਲੋਂ ਆਪਣੇ ਗੀਤਾਂ ਅਤੇ ਕਵਿਤਾਵਾਂ ਰਾਹੀਂ ਇਸ ਵਿੱਚ ਪੰਜਾਬ ਦੇ ਸੱਭਿਆਚਾਰ ਨੂੰ ਬਹੁਤ ਵਧੀਆ ਤਰ੍ਹਾਂ ਉਜਾਗਰ ਕੀਤਾ ਗਿਆ ਹੈ। ਕਵਿਤਾਵਾਂ ਅਤੇ ਗੀਤਾਂ ਵਿੱਚ ਮੁਹਾਵਰੇਦਾਰ ਠੇਠ-ਸ਼ਬਦਾਂ ਦੀ ਸ਼ਾਨਦਾਰ ਢੰਗ ਨਾਲ ਵਰਤੋਂ ਕੀਤੀ ਗਈ ਹੈ ਜੋ ਪੰਜਾਬੀ ਸੱਭਿਆਚਾਰ ਨੂੰ ਬਾਖ਼ੂਬੀ ਪੇਸ਼ ਕਰਦੇ ਹਨ। 'ਰਵੀ ਸਾਹਿਤ ਪ੍ਰਕਾਸ਼ਨ' ਅੰਮ੍ਰਿਤਸਰ ਵੱਲੋਂ ਪੁਸਤਕ ਨੂੰ ਬੜੀ ਰੀਝ ਨਾਲ ਇਸਦੀ ਪ੍ਰਕਾਸ਼ਨਾ ਕੀਤੀ ਗਈ ਹੈ ਅਤੇ ਛਾਪਕ 'ਪ੍ਰਿੰਟਵੈੱਲ' ਵੱਲੋਂ ਇਸ ਦੀ ਸੁੰਦਰ ਛਪਾਈ ਕੀਤੀ ਗਈ ਹੈ। ਮੈਂ ਡਾ. ਗਿੱਲ ਹੁਰਾਂ ਨੂੰ ਗੀਤਾਂ ਤੇ ਕਵਿਤਾਵਾਂ ਦੀ ਇਹ ਪੁਸਤਕ ਪਾਠਕਾਂ ਦੇ ਸਨਮੁੱਖ ਕਰਨ ਲਈ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਅੱਗੋਂ ਵੀ ਅਜਿਹਾ ਸ਼ੁਭ-ਕਾਰਜ ਕਰਦੇ ਰਹਿਣਗੇ।


ਡਾ. ਸੁਖਦੇਵ ਸਿੰਘ ਝੰਡ
+1 647-567-9128

# ਪੰਜਾਬ ਸਿਉਂ

-ਗੁਰਮੀਤ ਸਿੰਘ

ਪੰਜ ਦਰਿਆਵਾਂ ਦੀ ਧਰਤੀ ਦਾ ਪਾਣੀ,
ਪਹੁੰਚ ਗਿਆ ਪਤਾਲੀਂ ਕਿਉਂ।
ਜੋ ਧਰਤੀ ਸੋਨਾ ਸੀ ਉਗਲਦੀ,
ਉਸਦੀ ਉਜੜ ਰਹੀ ਹਰਿਆਲੀ ਕਿਉਂ।
ਕਿਰਤੀ ਕਿਸਾਨ ਹੱਡ ਤੋੜ ਮਿਹਨਤ ਕਰਦੇ ,
ਉਨ੍ਹਾਂ ਦੀ ਜੇਬ੍ਹ ਖਾਲੀ ਕਿਉਂ।
ਮਜਦੂਰ ਖੇਤਾਂ ਵਿਚ ਅੰਨ ਉਗਾਉਂਦੇ,
ਉਨ੍ਹਾਂ ਦੇ ਪੇਟ ਖਾਲੀ ਕਿਉਂ।
ਗਰੀਬਾਂ ਦੇ ਬੱਚੇ ਤਰਸਣ ਰੋਟੀ ਦੇ ਟੁੱਕੜੇ ਨੂੰ,
ਅਮੀਰਾਂ ਦੇ ਘਰ ਰੋਜ਼ ਦਿਵਾਲੀ ਕਿਉਂ।
ਬੈਂਕਾਂ ਤੋਂ ਕਰਜ਼ਾ ਲੈ ਕੇ ਹਾਸਿਲ ਕੀਤੀਆਂ ਡਿਗਰੀਆਂ,
ਉਨ੍ਹਾਂ ਦੀ ਕਿਸਮਤ ਵਿਚ ਹਮਾਲੀ ਕਿਉਂ।
ਹਾਕਮ ਵੱਡੀਆਂ ਡੀਂਗਾਂ ਮਾਰਦੇ,
ਫਿਰ ਵੀ ਦੇਸ਼ ਵਿਚ ਬਦਹਾਲੀ ਕਿਉਂ।
ਚਾਰ ਟ੍ਰਿਲੀਅਨ ਦੀ ਅਰਥ ਵਿਵਸਥਾ ਦੱਸਦੇ,
ਫਿਰ ਵੀ ਭੁੱਖ ਤੇ ਕੰਗਾਲੀ ਕਿਉਂ।
ਜੋ ਮੇਰੇ ਦੇਸ਼ ਦਾ ਚੌਂਕੀਦਾਰ ਕਹਾਵੇ,
ਉਹ ਸ਼ਾਹਾਂ ਦੀ ਕਰੇ ਦਲਾਲੀ ਕਿਉਂ।
ਨੋਟ ਬੰਦੀ ਕਰਕੇ ਕੀ ਖੱਟਿਆ,
ਰੁਕ ਗਈ ਦੇਸ਼ ਦੀ ਖੁਸ਼ਹਾਲੀ ਕਿਉਂ।
ਨਾ ਖਾਉਂਗਾ ਨਾ ਖਾਣ ਦੇਉਂਗਾ,
ਵਾਅਦੇ ਕੀਤੇ ਖਿਆਲੀ ਕਿਉਂ।
15-15 ਲੱਖ ਸਭ ਦੇ ਖਾਤੇ ਵਿਚ ਆਏਗਾ,
ਪੁੱਛ ਰਹੀ ਸਭ ਦੀ ਘਰਵਾਲੀ ਕਿਉਂ।
ਹਿੰਦ ਬਾਗ਼ ਦੇ ਰੁੱਖ ਰੋਜਾਨਾ ਮਰਦੇ,



ਸੁੱਤਾ ਪਿਆ ਬਾਗ਼ ਦਾ ਮਾਲੀ ਕਿਉਂ।
ਵਾਹ ਨੀ ਸਰਕਾਰੇ ਤੇਰੇ ਕੰਮ ਨਿਆਰੇ,
ਕਰੋਨਾ ਵੇਲੇ ਬਜਵਾਈ ਥਾਲੀ ਕਿਉਂ।
ਓਪਰੇਸ਼ਨ ਸਿੰਧੂਰ ਤੇ ਬਾਲਾ ਕੋਟ ਸਟਰਾਈਕ ਕਰਕੇ,
ਦੇਸ਼ ਦੀ ਇਜ਼ਤ ਉਛਾਲੀ ਕਿਉਂ।
ਜਿਸ ਕੌਮ ਨੇ ਦੇਸ਼ ਅਜ਼ਾਦ ਕਰਾਇਆ,
ਉਨ੍ਹਾਂ ਲਈ 84 ਅਤੇ 47 ਕਿਉਂ।
ਈ.ਵੀ.ਐਮ. ਇਕ ਜਾਦੂ ਦਾ ਬਕਸਾ,
ਕੋਈ ਵੀ ਬਟਨ ਦਬਾਓ ਪਰਚੀ ਨਿਕਲੇ ਬੀਜੇਪੀ ਵਾਲੀ ਕਿਉਂ।
ਥੁਕਾਂ ਨਾਲ ਬੜੇ ਨਹੀਂ ਪਕਦੇ,
ਚੁਲ੍ਹੇ ਤੇ ਚੜ੍ਹੀ ਖਾਲੀ ਕੜਾਹੀ ਕਿਉਂ।
ਪ੍ਰਧਾਨ ਸੇਵਕ ਝੋਲਾ ਚੁਕ ਕੇ ਤੁਰ ਜਾਏਗਾ,
ਕਰਕੇ ਦੇਸ਼ ਦੀ ਬਿਕਵਾਲੀ ਕਿਉਂ।
ਕਿਹੜੀ ਦਿਸ਼ਾ ਵੱਲ ਜਾ ਰਿਹਾ ਮੇਰਾ ਭਾਰਤ,
ਜਨਤਾ ਖੜੀ ਬਣਕੇ ਸਵਾਲੀ ਕਿਉਂ।
ਇਸ ਝੁਲਦੀ ਕਾਲੀ ਹਨੇਰੀ ਨੂੰ ਠੱਲ੍ਹ ਪਾਏਗਾ
ਇਕ ਦਿਨ ਮੇਰਾ ਪੰਜਾਬ ਸਿਉਂ...
ਇਕ ਦਿਨ ਮੇਰਾ ਪੰਜਾਬ ਸਿਉਂ...।






# ਤਰਸੇਮ ਜੱਸੜ ਦੀ 'DASTAR' ਦਾ ਪਹਿਲਾਂ ਲੁਕ ਆਇਆ ਸਾਹਮਣੇ !




'ਮਸਤਾਨੇ' ਦੀ ਇਤਿਹਾਸਕ ਸਫ਼ਲਤਾ ਤੋਂ ਬਾਅਦ, ਪਾਲੀਵੁੱਡ ਦੇ ਗੱਭਰੂ ਅਦਾਕਾਰ ਤਰਸੇਮ ਜੱਸੜ ਇੱਕ ਵਾਰ ਫਿਰ ਇੱਕ ਅਜਿਹੀ ਕਹਾਣੀ ਲੈ ਕੇ ਆ ਰਹੇ ਨੇ ਜੋ ਹਰ ਪੰਜਾਬੀ ਦੀ ਹਿੱਕ ਚੌੜੀ ਕਰ ਦੇਵੇਗੀ। ਪੰਜਾਬੀ ਸਿਨੇਮਾ ਪ੍ਰੇਮੀਆਂ ਲਈ ਇੱਕ ਬਹੁਤ ਹੀ ਵੱਡੀ ਅਤੇ ਦਿਲਚਸਪ ਖ਼ਬਰ ਸਾਹਮਣੇ ਆਈ ਹੈ ! ਪਾਲੀਵੁੱਡ ਦੇ 'ਕਿਸਾਨ' ਯਾਨੀ ਕਿ ਤਰਸੇਮ ਜੱਸੜ ਇੱਕ ਵਾਰ ਫਿਰ ਵੱਡੇ ਪਰਦੇ 'ਤੇ ਧਮਾਕਾ ਕਰਨ ਲਈ ਤਿਆਰ ਹਨ। ਤਰਸੇਮ ਜੱਸੜ ਦੀ ਮੋਸਟ ਅਵੇਟਿਡ ਫ਼ਿਲਮ 'ਦਸਤਾਰ' ਦਾ ਪਹਿਲਾ ਪੋਸਟਰ ਰਿਵੀਲ ਹੋ ਚੁੱਕਾ ਹੈ, ਜਿਸ ਨੇ ਸੋਸ਼ਲ ਮੀਡੀਆ ਅਤੇ ਸਿਨੇਮਾ ਗਲਿਆਰਿਆਂ ਵਿੱਚ ਖਾਸੀ ਚਰਚਾ ਛੇੜ ਦਿੱਤੀ ਹੈ।

ਫ਼ਿਲਮ ਦਾ ਇਹ ਪਹਿਲਾ ਪੋਸਟਰ ਬੇਹੱਦ ਗੰਭੀਰ, ਨਾਟਕੀ ਅਤੇ ਐਕਸ਼ਨ ਨਾਲ ਭਰਪੂਰ ਨਜ਼ਰ ਆ ਰਿਹਾ ਹੈ। ਪੋਸਟਰ ਵਿੱਚ ਤਰਸੇਮ ਜੱਸੜ ਇੱਕ ਬੇਹੱਦ ਪ੍ਰਭਾਵਸ਼ਾਲੀ ਅਵਤਾਰ ਵਿੱਚ ਦਿਖਾਈ ਦੇ ਰਹੇ ਹਨ। ਲੰਬਾ ਕਾਲਾ ਓਵਰਕੋਟ, ਸਿਰ 'ਤੇ ਸਜੀ ਸ਼ਾਨਦਾਰ ਦਸਤਾਰ ਅਤੇ ਹੱਥ ਵਿੱਚ ਫੜਿਆ ਹਥਿਆਰ—ਇਹ ਸਾਫ਼ ਇਸ਼ਾਰਾ ਕਰ ਰਿਹਾ ਹੈ ਕਿ ਇਹ ਕਹਾਣੀ ਹਿੰਮਤ, ਸੰਘਰਸ਼ ਅਤੇ ਅਣਖ ਦੀ ਹੋਣ ਵਾਲੀ ਹੈ। ਹਨੇਰਾ ਅਤੇ ਧੁੰਦਲਾ ਪਿਛੋਕੜ ਇੱਕ ਵੱਡੇ ਪੀਰੀਅਡ ਐਕਸ਼ਨ-ਡਰਾਮਾ ਦੀ ਛਾਪ ਛੱਡਦਾ ਹੈ।

ਇਸ ਫ਼ਿਲਮ ਦਾ ਸਭ ਤੋਂ ਵੱਡਾ ਆਕਰਸ਼ਨ ਹੋਣ ਜਾ ਰਹੀ ਹੈ ਪੰਜਾਬੀ ਸਿਨੇਮਾ ਦੀ ਇੱਕ ਬਿਲਕੁਲ ਨਵੀਂ ਜੋੜੀ। ਚਰਚਿਤ ਮਾਡਲ ਗੀਤ ਗੋਰਾਇਆ ਇਸ ਫ਼ਿਲਮ ਦੇ ਨਾਲ ਪਾਲੀਵੁੱਡ ਵਿੱਚ ਆਪਣਾ ਡੈਬਿਊ ਕਰਨ ਜਾ ਰਹੀ ਹੈ। ਇਸ ਮਲਟੀ-ਸਟਾਰਰ ਫ਼ਿਲਮ ਵਿੱਚ ਯੋਗਰਾਜ ਸਿੰਘ, ਸਰਬਜੀਤ ਚੀਮਾ, ਅਮਨ ਧਾਲੀਵਾਲ, ਨੀਤਾ ਮਹਿੰਦਰਾ, ਅਮਨ ਸੁਤਧਾਰ ਅਤੇ ਜਪਤੇਜ ਸਿੰਘ ਵਰਗੇ ਕਈ ਮਾਸਟਰ ਕਲਾਕਾਰ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ।

ਵਾਈਟ ਹਿੱਲ ਸਟੂਡੀਓਜ਼' ਅਤੇ 'ਹੋਟਸ਼ੌਟ ਪ੍ਰੋਡੋਕਸ਼ਨ' ਦੇ ਬੈਨਰ ਹੇਠ ਬਣੀ ਇਸ ਵੱਡੀ ਫ਼ਿਲਮ ਨੂੰ ਡਾਇਰੈਕਟ ਕੀਤਾ ਹੈ ਅਮਰ ਹੁੰਦਲ ਨੇ, ਜੋ ਪਹਿਲੀ ਵਾਰ ਤਰਸੇਮ ਜੱਸੜ ਨਾਲ ਕੰਮ ਕਰ ਰਹੇ ਹਨ। ਫ਼ਿਲਮ ਦੀ ਕਹਾਣੀ ਨੂੰ ਭਾਵੇਂ ਗੁਪਤ ਰੱਖਿਆ ਗਿਆ ਹੈ, ਪਰ ਇਸ ਦਾ ਸ਼ੂਟ ਪੰਜਾਬ ਅਤੇ ਕੈਨੇਡਾ ਦੀਆਂ ਖ਼ੂਬਸੂਰਤ ਥਾਵਾਂ 'ਤੇ ਹੋਇਆ ਹੈ। 'ਮਸਤਾਨੇ' ਅਤੇ 'ਗੁਰੂ ਨਾਨਕ ਜਹਾਜ' ਤੋਂ ਬਾਅਦ, ਇਹ ਤਰਸੇਮ ਜੱਸੜ ਦੀ ਤੀਜੀ ਵੱਡੀ ਪੀਰੀਅਡ ਫ਼ਿਲਮ ਹੋਵੇਗੀ, ਜਿਸ ਨੂੰ ਇੱਕ ਬਹੁਤ ਹੀ ਵਿਸ਼ਾਲ ਕੈਨਵਸ 'ਤੇ ਤਿਆਰ ਕੀਤਾ ਗਿਆ ਹੈ।

ਫ਼ਿਲਮ ਦਾ ਸੰਗੀਤ ਵੀ ਬੇਹੱਦ ਕਮਾਲ ਦਾ ਹੋਣ ਵਾਲਾ ਹੈ, ਜਿਸ ਨੂੰ ਤਿਆਰ ਕੀਤਾ ਹੈ ਮਕਸਰਕੀ ਅਤੇ ਐਵੀ ਸਰਾਂ ਨੇ। ਗੀਤਾਂ ਨੂੰ ਆਵਾਜ਼ਾਂ ਦਿੱਤੀਆਂ ਨੇ ਸ਼ੈਰੀ ਮਾਨ, ਜੌਰਡਨ ਸੰਧੂ, ਹਿੰਮਤ ਸੰਧੂ, ਕਮਲ ਖਾਨ ਅਤੇ ਅਸੀਸ ਕੌਰ ਵਰਗੇ ਨਾਮੀ ਗਾਇਕਾਂ ਨੇ। ਤਾਂ ਦੋਸਤੋ, ਮਾਣ, ਸਨਮਾਨ ਅਤੇ ਵਿਰਾਸਤ ਦੀ ਕਹਾਣੀ ਬਿਆਨ ਕਰਦੀ ਇਹ ਫ਼ਿਲਮ 17 ਜੁਲਾਈ ਨੂੰ ਦੁਨੀਆ ਭਰ ਦੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣ ਜਾ ਰਹੀ ਹੈ।

# Thalapathy ਦੇ CM ਬਣਦੇ ਹੀ ਤ੍ਰਿਸ਼ਾ ਕ੍ਰਿਸ਼ਨਨ ਦਾ ਪਹਿਲਾ ਰਿਐਕਸ਼ਨ

ਸਾਊਥ ਸਿਨੇਮਾ ਦੇ ਸੁਪਰਸਟਾਰ ਵਿਜੇ ਥਲਾਪਤੀ ਤਾਮਿਲਨਾਡੂ ਦੇ ਨਵੇਂ ਮੁੱਖ ਮੰਤਰੀ ਬਣ ਗਏ ਹਨ। 10 ਮਈ ਨੂੰ ਉਨ੍ਹਾਂ ਨੇ ਸਹੁੰ ਚੁੱਕ ਕੇ ਆਪਣੀ ਸਿਆਸੀ ਪਾਰੀ ਦਾ ਆਗਾਜ਼ ਕਰ ਦਿੱਤਾ ਹੈ। ਚੇਨਈ ਦੇ ਨਹਿਰੂ ਸਟੇਡੀਅਮ ਵਿੱਚ ਹੋਏ ਇਸ ਇਤਿਹਾਸਕ ਸਹੁੰ ਚੁੱਕ ਸਮਾਗਮ ਵਿੱਚ ਉਨ੍ਹਾਂ ਦੀ ਕੋ-ਸਟਾਰ ਅਤੇ ਕਰੀਬੀ ਦੋਸਤ ਤ੍ਰਿਸ਼ਾ ਕ੍ਰਿਸ਼ਨਨ ਵੀ ਮੌਜੂਦ ਰਹੀ। ਤ੍ਰਿਸ਼ਾ ਨੇ ਆਪਣੇ ਖ਼ਾਸ ਅੰਦਾਜ਼ ਨਾਲ ਹਰ ਕਿਸੇ ਦਾ ਧਿਆਨ ਖਿੱਚਿਆ। ਵਿਜੇ ਥਲਾਪਤੀ ਦੇ ਮੁੱਖ ਮੰਤਰੀ ਬਣਨ 'ਤੇ ਹੁਣ ਤ੍ਰਿਸ਼ਾ ਨੇ ਆਪਣਾ ਪਹਿਲਾ ਪ੍ਰਤੀਕਰਮ (ਰਿਐਕਸ਼ਨ) ਦਿੱਤਾ ਹੈ।

**ਤ੍ਰਿਸ਼ਾ ਕ੍ਰਿਸ਼ਨਨ ਦਾ ਪਹਿਲਾ ਰਿਐਕਸ਼ਨ ਆਇਆ ਸਾਹਮਣੇ**

ਤਾਮਿਲਨਾਡੂ ਦੇ CM ਦੇ ਸਹੁੰ ਚੁੱਕ ਸਮਾਗਮ ਤੋਂ ਬਾਅਦ ਤ੍ਰਿਸ਼ਾ ਕ੍ਰਿਸ਼ਨਨ ਨੇ ਮੀਡੀਆ ਨਾਲ ਗੱਲਬਾਤ ਕੀਤੀ ਅਤੇ ਵਿਜੇ ਦੀ ਜਿੱਤ 'ਤੇ ਆਪਣੀ ਖ਼ੁਸ਼ੀ ਜ਼ਾਹਰ ਕੀਤੀ। ਮੀਡੀਆ ਨਾਲ ਗੱਲਬਾਤ ਦੌਰਾਨ ਤ੍ਰਿਸ਼ਾ ਨੇ ਵਿਜੇ ਥਲਾਪਤੀ ਨੂੰ ਤਾਮਿਲਨਾਡੂ ਦੇ ਮੁੱਖ ਮੰਤਰੀ ਬਣਨ 'ਤੇ ਵਧਾਈ ਵੀ ਦਿੱਤੀ। ਤ੍ਰਿਸ਼ਾ ਕ੍ਰਿਸ਼ਨਨ ਬੋਲੀ- "ਬਹੁਤ-ਬਹੁਤ ਵਧਾਈ ਹੋਵੇ। ਮੈਂ ਬਹੁਤ ਜ਼ਿਆਦਾ ਖ਼ੁਸ਼ ਹਾਂ।" ਦੱਸ ਦੇਈਏ ਕਿ ਜਦੋਂ ਵਿਜੇ ਥਲਾਪਤੀ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਰਹੇ ਸਨ, ਉਦੋਂ ਤ੍ਰਿਸ਼ਾ ਵੀ ਉਨ੍ਹਾਂ ਦੇ ਨਾਲ ਸਮਾਗਮ ਵਿੱਚ ਮੌਜੂਦ ਰਹੀ। ਉਹ ਖ਼ੁਸ਼ੀ ਨਾਲ ਖਿੜੀ ਹੋਈ ਨਜ਼ਰ ਆਈ। ਦੋਸਤ ਵਿਜੇ ਦੀ ਜ਼ਿੰਦਗੀ ਦੇ ਸਭ ਤੋਂ ਅਹਿਮ ਅਤੇ ਇਤਿਹਾਸਕ ਪਲ ਵਿੱਚ ਤ੍ਰਿਸ਼ਾ ਨੇ ਇੱਕ ਸੱਚੇ ਦੋਸਤ ਵਾਂਗ ਉਨ੍ਹਾਂ ਦਾ ਸਾਥ ਦਿੱਤਾ ਅਤੇ ਜਿੱਤ ਦਾ ਜਸ਼ਨ ਮਨਾਇਆ। ਇੰਨਾ ਹੀ ਨਹੀਂ, ਸਮਾਗਮ ਦੌਰਾਨ ਤ੍ਰਿਸ਼ਾ ਕ੍ਰਿਸ਼ਨਨ ਨੇ ਵਿਜੇ ਥਲਾਪਤੀ ਦੀ ਮਾਂ ਅਤੇ ਭੈਣਾਂ ਨੂੰ ਗਲੇ ਲਗਾ ਕੇ ਵਧਾਈ ਦਿੱਤੀ। ਵਿਜੇ ਦੇ ਪਰਿਵਾਰ ਨਾਲ ਤ੍ਰਿਸ਼ਾ ਦਾ ਖ਼ਾਸ ਰਿਸ਼ਤਾ ਦੇਖ ਕੇ ਪ੍ਰਸ਼ੰਸਕ ਵੀ ਕਾਫੀ ਖ਼ੁਸ਼ ਨਜ਼ਰ ਆਏ।

**ਪਰਿਵਾਰ ਨਾਲ ਦਿਖਿਆ ਤ੍ਰਿਸ਼ਾ ਦਾ ਬੌਂਡ**

ਵਿਜੇ ਥਲਾਪਤੀ ਦੇ ਸਹੁੰ ਚੁੱਕ ਸਮਾਗਮ ਵਿੱਚ ਤ੍ਰਿਸ਼ਾ ਕ੍ਰਿਸ਼ਨਨ ਨੇ ਆਪਣੀ ਐਂਟਰੀ ਨਾਲ ਹੀ ਸਭ ਦਾ ਧਿਆਨ ਖਿੱਚ ਲਿਆ। ਤ੍ਰਿਸ਼ਾ ਬਲੂ ਸਾੜ੍ਹੀ ਵਿੱਚ ਟ੍ਰੈਡੀਸ਼ਨਲ ਲੁੱਕ ਵਿੱਚ ਨਜ਼ਰ ਆਈ। ਉਸ ਨੇ ਡਾਇਮੰਡ ਚੋਕਰ ਨੈਕਲੈੱਸ ਅਤੇ ਮੈਚਿੰਗ ਈਅਰਰਿੰਗਸ ਪਹਿਨੇ ਹੋਏ ਸਨ। ਮੱਥੇ 'ਤੇ ਬਿੰਦੀ ਅਤੇ ਵਾਲਾਂ ਵਿੱਚ ਗਜਰਾ ਲਗਾ ਕੇ ਉਸ ਨੇ ਆਪਣੀ ਲੁੱਕ ਨੂੰ ਕੰਪਲੀਟ ਕੀਤਾ।

# "ਮੈਂ ਹਰਸ਼ ਨਾਲ ਨਹੀਂ ਰਹਿ ਸਕਦੀ", ਕੀ ਪਤੀ ਤੋਂ ਤਲਾਕ ਲੈ ਰਹੀ ਹੈ ਭਾਰਤੀ ਸਿੰਘ?





ਮਸ਼ਹੂਰ ਕਾਮੇਡੀ ਕਵੀਨ ਭਾਰਤੀ ਸਿੰਘ ਨੇ ਆਪਣੀ ਕਾਮੇਡੀ ਅਤੇ ਅੰਦਾਜ਼ ਨਾਲ ਲੋਕਾਂ ਦੇ ਦਿਲਾਂ ਵਿੱਚ ਖਾਸ ਥਾਂ ਬਣਾਈ ਹੈ ਪਰ ਹਾਲ ਹੀ ਵਿੱਚ ਉਨ੍ਹਾਂ ਦਾ ਇੱਕ ਬਿਆਨ ਸੋਸ਼ਲ ਮੀਡੀਆ 'ਤੇ ਕਾਫੀ ਚਰਚਾ ਵਿੱਚ ਆ ਗਿਆ, ਜਿਸ ਨਾਲ ਫੈਨਜ਼ ਵੀ ਹੈਰਾਨ ਰਹਿ ਗਏ। ਦਰਅਸਲ, ਭਾਰਤੀ ਸਿੰਘ ਨੇ ਆਪਣੇ ਯੂਟਿਊਬ ਵਲੌਗ ਵਿੱਚ ਆਪਣੇ ਅਤੇ ਪਤੀ ਹਰਸ਼ ਲਿੰਬਾਚੀਆ ਦੇ ਰਿਸ਼ਤੇ ਬਾਰੇ ਖੁੱਲ੍ਹ ਕੇ ਗੱਲ ਕੀਤੀ ਅਤੇ ਤਲਾਕ ਦੀਆਂ ਅਫਵਾਹਾਂ 'ਤੇ ਚੁੱਪੀ ਤੋੜੀ।

ਭਾਰਤੀ ਨੇ ਮਜ਼ਾਕੀਆ ਅੰਦਾਜ਼ ਵਿੱਚ ਕਿਹਾ, "ਦੋਸਤੋ, ਮੈਂ ਹੁਣ ਹਰਸ਼ ਦੇ ਨਾਲ ਨਹੀਂ ਰਹਿ ਸਕਦੀ, ਕਿਉਂਕਿ ਸਾਡੇ ਵਿਚਕਾਰ ਦਰਾਰਾਂ ਆ ਰਹੀਆਂ ਹਨ, ਇਰੀਟੇਸ਼ਨ ਹੋ ਰਹੀ ਹੈ... ਅਤੇ ਬਹੁਤ ਸਾਰੀਆਂ ਚੀਜ਼ਾਂ ਹਨ ਜੋ ਹਰਸ਼ ਬਰਦਾਸ਼ਤ ਨਹੀਂ ਕਰ ਸਕਦਾ। ਸਾਡੇ ਰਿਸ਼ਤੇ ਵਿੱਚ ਦਰਾਰ ਆ ਗਈ ਹੈ ਅਤੇ ਹੁਣ ਅਸੀਂ ਵੱਖ ਹੋ ਰਹੇ ਹਾਂ। ਬਹੁਤ ਸਾਰੀਆਂ ਬੁਰੀਆਂ ਖ਼ਬਰਾਂ ਆ ਰਹੀਆਂ ਹਨ, ਜੋ ਕਿ ਪੂਰੀ ਤਰ੍ਹਾਂ ਝੂਠੀਆਂ ਹਨ। ਅਸੀਂ ਕਦੇ ਵੀ ਵੱਖ ਨਹੀਂ ਹੋ ਸਕਦੇ, ਸ਼ਾਇਦ ਮਰ ਕੇ ਵੀ ਨਹੀਂ।"

ਉਨ੍ਹਾਂ ਨੇ ਅੱਗੇ ਕਿਹਾ ਕਿ ਲੋਕ ਵਲੌਗ ਦੀਆਂ ਕੁਝ ਗੱਲਾਂ ਨੂੰ ਤੋੜ ਮਰੋੜ ਕੇ ਪੇਸ਼ ਕਰਦੇ ਹਨ ਅਤੇ ਫਿਰ "ਭਾਰਤੀ-ਹਰਸ਼ ਦੇ ਰਿਸ਼ਤੇ ਵਿੱਚ ਖਟਾਸ" ਵਰਗੀਆਂ ਖਬਰਾਂ ਬਣਾਈਆਂ ਜਾਂਦੀਆਂ ਹਨ। ਭਾਰਤੀ ਨੇ ਹੱਸਦੇ ਹੋਏ ਕਿਹਾ, "ਸਾਡੇ ਘਰ ਵਿੱਚ ਤਾਂ ਨਿੰਬੂ ਹੀ ਚੰਗੇ ਨਹੀਂ ਆ ਰਹੇ ਤੇ ਤੁਸੀਂ ਖਟਾਸ ਦੀ ਗੱਲ ਕਰ ਰਹੇ ਹੋ।"

ਭਾਰਤੀ ਸਿੰਘ ਨੇ ਅਜਿਹੀਆਂ ਅਫਵਾਹਾਂ ਫੈਲਾਉਣ ਵਾਲਿਆਂ ਨੂੰ ਵੀ ਆੜੇ ਹੱਥੀਂ ਲਿਆ ਅਤੇ ਕਿਹਾ ਕਿ ਕਈ ਵਾਰ ਇਹ ਲੋਕ ਕਾਮੇਡੀਅਨ ਤੋਂ ਵੀ ਵੱਧ ਫਨੀ ਲੱਗਦੇ ਹਨ। ਮੈਨੂੰ ਡਰ ਹੈ ਕਿ ਤੁਸੀਂ ਇਸ ਸਭ ਨਾਲ ਭਾਰਤੀ ਸਿੰਘ ਅਤੇ ਕਪਿਲ ਸ਼ਰਮਾ ਤੋਂ ਅੱਗੇ ਨਾ ਲੰਘ ਜਾਵੋ।" ਭਾਰਤੀ ਸਿੰਘ ਅਤੇ ਹਰਸ਼ ਲਿੰਬਾਚੀਆ ਦਾ ਵਿਆਹ 2017 ਵਿੱਚ ਗੋਆ ਵਿੱਚ ਹੋਇਆ ਸੀ। ਭਾਰਤੀ ਅਤੇ ਹਰਸ਼ ਦੇ ਦੋ ਪੁੱਤਰ ਵੀ ਹਨ, ਲਕਸ਼ਯ ਅਤੇ ਯਸ਼ਵੀਰ ਲਿੰਬਾਚੀਆ।

# ਪੰਜਾਬੀ ਗਾਇਕਾ ਦੇ ਕਤਲ ਮਾਮਲੇ 'ਚ 3 ਲੋਕ ਗ੍ਰਿਫ਼ਤਾਰ



ਪੰਜਾਬੀ ਗਾਇਕਾ ਇੰਦਰ ਕੌਰ ਉਰਫ਼ ਯਸ਼ਿੰਦਰ ਦੇ ਕਤਲ ਮਾਮਲੇ ਸਬੰਧੀ ਪੁਲਿਸ ਅੱਜ ਇੱਕ ਪ੍ਰੈਸ ਕਾਨਫਰੰਸ ਕਰੇਗੀ। ਡੀਸੀਪੀ ਜਸਕਿਰਨਜੀਤ ਸਿੰਘ ਤੇਜਾ ਦੁਪਹਿਰ 3:30 ਵਜੇ ਪੁਲਿਸ ਲਾਈਨਜ਼ ਵਿਖੇ ਪੂਰੀ ਕਤਲ ਸਾਜ਼ਿਸ਼ ਦਾ ਵੇਰਵਾ ਦੇਣਗੇ। ਪੁਲਿਸ ਕਤਲ ਵਿੱਚ ਗ੍ਰਿਫ਼ਤਾਰ ਕੀਤੇ ਗਏ ਤਿੰਨ ਮੁਲਜ਼ਮਾਂ ਦੀ ਭੂਮਿਕਾ ਦਾ ਵੀ ਖੁਲਾਸਾ ਕਰੇਗੀ। ਇਹ ਧਿਆਨ ਦੇਣ ਯੋਗ ਹੈ ਕਿ ਯਸ਼ਿੰਦਰ ਦੀ ਲਾਸ਼ ਸਮਰਾਲਾ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਰੱਖੀ ਗਈ ਹੈ। ਅੱਜ ਪੋਸਟਮਾਰਟਮ ਨਹੀਂ ਕੀਤਾ ਜਾਵੇਗਾ। ਪਰਿਵਾਰ ਦਾ ਕਹਿਣਾ ਹੈ ਕਿ ਉਹ ਅਜੇ ਵੀ ਮਾਮਲੇ ਦੀ ਜਾਂਚ ਕਰ ਰਹੇ ਹਨ।

**ਮੋਗਾ ਦਾ ਰਹਿਣ ਵਾਲਾ ਹੈ ਕਾਤਲ**

ਯਸ਼ਿੰਦਰ ਕੌਰ ਦੀ ਮੁਲਾਕਾਤ ਮੋਗਾ ਦੇ ਰਹਿਣ ਵਾਲੇ ਸੁਖਵਿੰਦਰ ਸਿੰਘ, ਉਰਫ਼ ਸੁੱਖੀ ਬਰਾੜ ਨਾਲ ਇੰਸਟਾਗ੍ਰਾਮ 'ਤੇ ਹੋਈ ਸੀ। ਉਹ ਗੱਲਬਾਤ ਕਰਦੇ ਰਹੇ ਅਤੇ ਦੋਸਤ ਬਣ ਗਏ। ਕੁਝ ਦਿਨਾਂ ਦੀ ਦੋਸਤੀ ਤੋਂ ਬਾਅਦ, ਉਨ੍ਹਾਂ ਨੂੰ ਪਿਆਰ ਹੋ ਗਿਆ ਅਤੇ ਉਨ੍ਹਾਂ ਨੇ ਇੱਕ ਦੂਜੇ ਨਾਲ ਵਿਆਹ ਕਰਨ ਦਾ ਵਾਅਦਾ ਕੀਤਾ। ਉਹ ਲਗਭਗ ਛੇ ਸਾਲਾਂ ਤੋਂ ਕਰੀਬੀ ਦੋਸਤ ਹਨ। ਜਦੋਂ ਵੀ ਸੁੱਖੀ ਬਰਾੜ ਕੈਨੇਡਾ ਤੋਂ ਪੰਜਾਬ ਵਾਪਸ ਆਉਂਦਾ ਸੀ, ਉਹ ਅਕਸਰ ਇੰਦਰ ਕੌਰ ਨੂੰ ਮਿਲਣ ਜਾਂਦਾ ਸੀ।

11 ਜਨਵਰੀ ਨੂੰ ਯਸ਼ਿੰਦਰ ਕੌਰ ਦਾ ਜਨਮਦਿਨ ਮਨਾਉਣ ਸੁੱਖੀ ਬਰਾੜ ਵੀ ਉਨ੍ਹਾਂ ਦੇ ਘਰ ਪਹੁੰਚਿਆਂ। ਜਾਂਦੇ ਸਮੇਂ ਉਸਨੇ ਕਿਹਾ ਕਿ ਉਹ ਮਾਰਚ ਵਿੱਚ ਵਿਆਹ ਕਰਵਾਉਣਗੇ। ਇੰਦਰ ਕੌਰ ਨੇ ਮਾਰਚ ਵਿੱਚ ਵਿਆਹ ਦਾ ਸੁਪਨਾ ਦੇਖਿਆ, ਪਰ ਉਹ ਵਿਆਹ ਕਰਵਾਉਣ ਨਹੀਂ ਆਇਆ। ਉਸਨੇ ਕੁਝ ਦਿਨ ਰੁਕਣ ਅਤੇ ਫਿਰ ਵਿਆਹ ਕਰਨ ਦੀ ਗੱਲ ਕਹੀ।

ਦੋਵਾਂ ਵਿਚਕਾਰ ਸਭ ਕੁਝ ਠੀਕ ਚੱਲ ਰਿਹਾ ਸੀ ਪਰ ਸੁੱਖੀ ਬਰਾੜ ਨੇ ਇੱਕ ਅਹਿਮ ਸੱਚਾਈ ਯਸ਼ਿੰਦਰ ਕੌਰ ਤੋਂ ਲੁਕਾਈ ਰੱਖੀ ਕਿ ਉਹ ਵਿਆਹਿਆ ਹੋਇਆ ਹੈ। ਪਰਿਵਾਰਕ ਮੈਂਬਰਾਂ ਮੁਤਾਬਕ ਇਹੀ ਝੂਠ ਇੰਦਰ ਦੇ ਕਤਲ ਦਾ ਕਾਰਨ ਬਣਿਆ, ਕਿਉਂਕਿ ਇੰਦਰ ਉਸਨੂੰ ਵਿਆਹ ਕਰਵਾਉਣ ਲਈ ਕਹਿ ਰਹੀ ਸੀ ਅਤੇ ਉਹ ਪਹਿਲਾਂ ਹੀ ਵਿਆਹਿਆ ਹੋਇਆ ਸੀ।

**ਕਾਤਲ ਸੁੱਖੀ ਨੇਪਾਲ ਰਾਹੀਂ ਕੈਨੇਡਾ ਭੱਜ ਗਿਆ**

ਜਦੋਂ ਯਸ਼ਿੰਦਰ ਨੇ ਉਸ 'ਤੇ ਵਿਆਹ ਕਰਨ ਲਈ ਦਬਾਅ ਪਾਇਆ, ਤਾਂ ਸੁੱਖੀ ਬਰਾੜ ਨੇ ਆਪਣੇ ਪਿਤਾ ਅਤੇ ਹੋਰ ਸਾਥੀਆਂ ਨਾਲ ਮਿਲ ਕੇ ਯੋਜਨਾ ਬਣਾਈ ਅਤੇ ਇੰਦਰ ਕੌਰ ਦਾ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਸੁੱਖੀ ਬਰਾੜ ਨੇਪਾਲ ਰਾਹੀਂ ਕੈਨੇਡਾ ਭੱਜ ਗਿਆ।

ਇੰਦਰ ਦੇ ਭਰਾ ਜੋਤਿੰਦਰ ਸਿੰਘ ਨੇ ਦੱਸਿਆ ਕਿ ਉਸਦੀ ਭੈਣ ਗ੍ਰੋਸਰੀ ਦਾ ਸਮਾਨ ਲੈਣ ਗਈ ਸੀ। ਜਦੋਂ ਉਹ ਵਾਪਸ ਆ ਰਹੀ ਸੀ, ਤਾਂ ਸੁੱਖੀ ਬਰਾੜ ਅਤੇ ਉਸਦੇ ਸਾਥੀ ਉਸਨੂੰ ਮਿਲੇ। ਸੁੱਖੀ ਬਰਾੜ ਨੇ ਉਸਨੂੰ ਦੱਸਿਆ ਕਿ ਉਹ ਕੈਨੇਡਾ ਜਾ ਰਿਹਾ ਹੈ ਅਤੇ ਉਸਨੂੰ ਛੱਡਣ ਆਜਾ। ਜਦੋਂ ਉਸਨੇ ਇਨਕਾਰ ਕਰ ਦਿੱਤਾ, ਤਾਂ ਉਹ ਉਸਨੂੰ ਜ਼ਬਰਦਸਤੀ ਆਪਣੇ ਨਾਲ ਲੈ ਗਿਆ। ਜੋਤਿੰਦਰ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਪੁਲਿਸ ਨੂੰ ਦੱਸਿਆ ਕਿ ਸੁੱਖੀ ਇੰਦਰ ਦੀ ਕਾਰ ਵਿੱਚ ਬੈਠ ਗਿਆ ਅਤੇ ਦੋਵੇਂ ਟੈਕਸੀਆਂ ਪਿੱਛੇ ਜਾਣ ਲੱਗੀਆਂ। ਜਮਾਲਪੁਰ ਤੋਂ, ਉਹ ਚੰਡੀਗੜ੍ਹ ਰੋਡ ਵੱਲ ਨਿਕਲ ਗਏ।

ਜੋਤਇੰਦਰ ਸਿੰਘ ਨੇ ਦੱਸਿਆ ਕਿ ਜਦੋਂ ਕਾਰ ਨੂੰ ਨਹਿਰ ਵਿੱਚੋਂ ਬਾਹਰ ਕੱਢਿਆ ਗਿਆ ਤਾਂ ਪੁਲਿਸ ਨੂੰ ਅੰਦਰੋਂ ਇੱਕ ਗੋਲੀ ਦਾ ਖੋਲ ਮਿਲਿਆ ਹੈ ਅਤੇ ਕਾਰ ਦੀ ਸੀਟ 'ਤੇ ਖੂਨ ਲੱਗਿਆ ਮਿਲਿਆ ਸੀ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਉਸਦੀ ਭੈਣ ਨੂੰ ਗੋਲੀ ਮਾਰ ਕੇ ਮਾਰਿਆ ਗਿਆ।

# ਮਹਿਜ਼ ਸਾਢੇ 5 ਸਾਲ ਦੀ ਉਮਰ 'ਚ ਰੀਲਾਂ ਬਣਾਉਣ ਵਾਲਾ 'Baaj' ਹੁਣ ਬਣਿਆ ਫ਼ਿਲਮੀ ਸਟਾਰ !



ਸੋਸ਼ਲ ਮੀਡੀਆ 'ਤੇ ਆਪਣੇ ਡੈਡੀ ਨਾਲ ਕਿਊਟ ਰੀਲਾਂ ਬਣਾ ਕੇ ਵਾਇਰਲ ਹੋਣ ਵਾਲਾ ਸਾਰਿਆਂ ਦਾ ਚਹੇਤਾ ਨਿੱਕਾ 'ਬਾਜ' ਹੁਣ ਵੱਡੇ ਮੁਕਾਮ ਵੱਲ ਵੱਧ ਰਿਹਾ ਹੈ। ਹੁਣ ਇਹ ਨਿੱਕਾ ਜਿਹਾ ਬਾਜ ਸਿਰਫ਼ ਮੋਬਾਈਲ ਦੀ ਸਕ੍ਰੀਨ ਤੱਕ ਸੀਮਤ ਨਹੀਂ ਰਿਹਾ, ਬਲਕਿ ਪਾਲੀਵੁੱਡ ਦੇ ਵੱਡੇ ਪਰਦੇ 'ਤੇ ਧਮਾਲ ਮਚਾਉਣ ਆ ਗਿਆ ਹੈ !ਹਾਲ ਹੀ ਵਿੱਚ ਰਿਲੀਜ਼ ਹੋਈ ਫਿਲਮ 'ਹਾਏ ਨੀ ਬੇਬੇ ਮੇਰੀਏ' ਵਿੱਚ ਬਾਜ ਨੇ ਆਪਣੀ ਅਦਾਕਾਰੀ ਦਾ ਅਜਿਹਾ ਜਲਵਾ ਦਿਖਾਇਆ ਹੈ ਕਿ ਹਰ ਕੋਈ ਉਸਦਾ ਦੀਵਾਨਾ ਹੋ ਗਿਆ ਹੈ।

ਤੁਹਾਨੂੰ ਇਹ ਸੁਣ ਕੇ ਹੈਰਾਨੀ ਹੋਵੇਗੀ ਕਿ ਬਾਜ ਦੀ ਉਮਰ ਮਹਿਜ਼ ਸਾਢੇ ਪੰਜ ਸਾਲ ਹੈ ਅਤੇ ਉਹ ਅਜੇ ਪਹਿਲੀ ਕਲਾਸ ਵਿੱਚ ਪੜ੍ਹਦਾ ਹੈ ! ਜਿੱਥੇ ਇਸ ਉਮਰ ਵਿੱਚ ਬੱਚੇ ਖੇਡਦੇ-ਕੁੱਦਦੇ ਨੇ, ਉੱਥੇ ਬਾਜ ਪੜ੍ਹਾਈ ਦੇ ਨਾਲ-ਨਾਲ ਫਿਲਮਾਂ ਦੀ ਸ਼ੂਟਿੰਗ ਵੀ ਸੰਭਾਲ ਰਿਹਾ ਹੈ। ਸਾਡੇ ਨਾਲ ਖਾਸ ਗੱਲਬਾਤ ਕਰਦਿਆਂ ਬਾਜ ਨੇ ਬੜੀ ਮਾਸੂਮੀਅਤ ਨਾਲ ਦੱਸਿਆ ਕਿ ਸਕੂਲ ਦੀ ਪੜ੍ਹਾਈ ਦੇ ਨਾਲ ਸ਼ੂਟਿੰਗ ਕਰਨਾ ਥੋੜਾ ਮੁਸ਼ਕਿਲ ਜ਼ਰੂਰ ਸੀ, ਪਰ ਜਦੋਂ ਹੁਣ ਲੋਕ ਉਸਨੂੰ ਫਿਲਮਾਂ ਕਰਕੇ ਪਛਾਣਦੇ ਨੇ, ਤਾਂ ਉਸਨੂੰ ਬਹੁਤ ਖੁਸ਼ੀ ਹੁੰਦੀ ਹੈ।"

ਆਪਣੀ ਮੰਮੀ ਅਤੇ ਭਰਾ ਦੇ ਲਾਡਲੇ ਬਾਜ ਨੂੰ ਸੈੱਟ 'ਤੇ ਮਸਤੀ ਕਰਨਾ ਬਹੁਤ ਪਸੰਦ ਹੈ। ਪਰ ਇਸੇ ਮਸਤੀ-ਮਸਤੀ ਵਿੱਚ ਉਹ ਅਜਿਹੇ ਕਮਾਲ ਦੇ ਡਾਇਲੋਗ ਬੋਲਦਾ ਹੈ ਕਿ ਵੱਡੇ-ਵੱਡੇ ਕਲਾਕਾਰ ਵੀ ਦੇਖਦੇ ਰਹਿ ਜਾਂਦੇ ਨੇ ! ਡੈਡੀ ਨਾਲ ਰੀਲਾਂ ਬਣਾਉਣ ਤੋਂ ਸ਼ੁਰੂ ਹੋਇਆ ਇਹ ਸਫ਼ਰ ਹੁਣ ਸੁਪਰਸਟਾਰ ਬਣਨ ਵੱਲ ਵਧ ਰਿਹਾ ਹੈ। ਹਾਏ ਨੀ ਬੇਬੇ ਮੇਰੀਏ ਤੋਂ ਬਾਅਦ ਬਾਜ ਹੁਣ ਹੋਰ ਕਈ ਪੰਜਾਬੀ ਫਿਲਮਾਂ ਦਾ ਹਿੱਸਾ ਬਣਨ ਜਾ ਰਿਹਾ ਹੈ।

# ਛੋਟੀ ਉਮਰ ਸ਼ਿਵ ਦੀ

ਕਹਿਰ ਢਾ ਗਈ
ਉਹ ਬੇਚੈਨ ਰੂਹ
ਕਈਆਂ ਨੂੰ ਠਾਰ ਗਈ
ਮੁਖੜਾ ਉਸ ਦਾ ਦੇਖ ਕੇ
ਸੋਚਾ ਚ ਪੈ ਜਾਂਦਾ ਹੈ ਮਨ
ਕਿ ਅੱਜ ਸ਼ਿਵ ਜੇ ਹੁੰਦਾ
ਸੱਚੀ ਮਹੋਬਤ ਸਿਖਾਉਂਦਾ
ਮਹੋਬਤ ਵਿੱਚ ਜੀ ਕੇ ਮਰਨਾ ਸਿਖਾਉਂਦਾ
ਉਸ ਦੇ ਹਰ ਬੋਲ ਉਸ ਦੇ ਦਰਦ ਨੂੰ ਪੁਕਾਰਦੇ ਨੇ
ਮੈਂ ਤੈਨੂੰ ਵੇਖਿਆ ਤਾਂ ਨਹੀਂ ਸ਼ਿਵ
ਪਰ ਤੇਰੀਆਂ ਅੱਖਾਂ ਵਿੱਚ ਦਰਦ ਦਿਸਦਾ ਹੈ
ਸੂਰਤ ਤੋਂ ਝਲਕਦਾ ਹੈ
ਤੇ ਸੋਚਦੀ ਹਾਂ
ਕਾਸ਼ ਜੋਬਨ ਰੁੱਤੇ ਸ਼ਿਵ ਨਾ ਜਾਂਦਾ
ਮਹੋਬਤ ਦੇ ਕੈਦੇ ਪੜਾਉਂਦਾ
ਆਪਣਾ ਵਿਛੋੜਾ ਸੁਣਾਉਂਦਾ
ਮੈਨੂੰ ਮੇਰਾ ਯਾਦ ਆਉਂਦਾ
ਕਾਸ਼ ! ਜੋਬਨ ਰੁੱਤੇ ਕੋਈ ਨਾ ਜਾਂਦਾ ।

ਲੇਖਿਕਾ-ਰਮਨੀਤ ਕੌਰ

LEGAL & BUSINESS SOLUTIONS FOR NRI'S
Property ▪ Family ▪ Business ▪ Taxation Matters

ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY

WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers


REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# ਰਿਸ਼ਤੇ ਦੀ ਕਦਰ



ਸਰਦਾਰਾਂ ਦੇ ਘਰ ਜਨਮੀ ਮੀਤ ਕੌਰ ਬਹੁਤ ਸੋਹਣੀ ਅਤੇ ਸਿਆਣੀ ਸੀ। ਮੀਤ ਹਰ ਕੰਮ ਕਰਨ ਦਾ ਸ਼ੌਕ ਰੱਖਦੀ ਸੀ। ਪੜ੍ਹਾਈ ਦੇ ਵਿੱਚ ਅੱਵਲ ਆਉਣ ਵਾਲੀ ਮਾਪਿਆਂ ਦੀ ਲਾਡਲੀ ਧੀ ਮੀਤ ਇੱਕ ਹੋਣਹਾਰ ਵਿਦਿਆਰਥਣ ਦੇ ਨਾਲ ਨਾਲ ਇੱਕ ਆਗਿਆਕਾਰੀ ਕੁੜੀ ਵੀ ਸੀ।



ਮੀਤ ਨੇ ਘਰ ਦਿਆਂ ਦੇ ਆਖਣ ਤੇ +2 ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਆਈਲੈਟਸ ਕੀਤਾ ਅਤੇ ਕਨੇਡਾ ਚਲੀ ਗਈ। ਕਨੇਡਾ ਵਿੱਚ ਸੰਘਰਸ਼ ਕਰਦੀ ਕਰਦੀ ਨੇ ਕਦ ਪੀ ਆਰ ਲੈ ਲਈ ਪਤਾ ਹੀ ਨਹੀ ਲੱਗਿਆ।

ਹਰ ਦੂਸਰੇ ਤੀਸਰੇ ਦਿਨ ਮੀਤ ਖੁਸ਼ੀ ਖੁਸ਼ੀ ਘਰ ਫੋਨ ਕਰਦੀ ਅਤੇ ਸਾਰੇ ਪਰਿਵਾਰ ਨਾਲ ਜੀਅ ਭਰ ਕੇ ਗੱਲਾਂ ਕਰਦੀ। ਨਾਲ ਨਾਲ ਕਨੇਡਾ ਦੇ ਵਧੀਆ ਕਾਨੂੰਨੀ ਢਾਂਚੇ ਅਤੇ ਸੁਖ ਸਹੂਲਤਾਂ ਦੀਆਂ ਗੱਲਾਂ ਸਾਂਝੀਆਂ ਕਰਦਿਆਂ ਕਰਦਿਆ ਇਹ ਵੀ ਕਹਿ ਜਾਂਦੀ ਕਿ ਮੈਨੂੰ ਤਾਂ ਇੱਥੇ ਰਹਿਣਾ ਬਹੁਤ ਹੀ ਚੰਗਾ ਲੱਗਦਾ ਹੈ। ਹੁਣ ਘਰ ਵਿੱਚ ਮੀਤ ਦੇ ਵਿਆਹ ਦੀਆਂ ਗੱਲਾ ਹੋਣ ਲੱਗੀਆਂ ਪਰ ਮੀਤ ਹਰ ਵਾਰ ਇਹ ਕਹਿ ਕੇ ਗੱਲ ਟਾਲ ਦਿੰਦੀ , ''ਨਾ ਮਾਂ ! ਮੈਂ ਨਹੀਂ ਅਜੇ ਵਿਆਹ ਕਰਵਾਉਣਾ, ਅਜੇ ਤਾਂ ਮੈਂ ਨਿੱਕੀ ਹਾਂ'' । ਮੀਤ ਸੋਹਣੀ ਅਤੇ ਸਿਆਣੀ ਹੋਣ ਕਰਕੇ ਮੀਤ ਦੇ ਨਾਲ ਕੰਮ ਕਰਦੀਆਂ ਕੁੜੀਆਂ ਨੇ ਵੀ ਆਪਣੀਆਂ ਰਿਸ਼ਤੇਦਾਰੀਆਂ 'ਚੋਂ ਮੁੰਡੇ ਲੱਭੇ ਅਤੇ ਮੀਤ ਨਾਲ ਵਿਆਹ ਦੀ ਗੱਲ ਤੋਰੀ ਪਰ ਮੀਤ ਮਾਪਿਆਂ ਦੀ ਮਰਜ਼ੀ ਤੋਂ ਬਿਨਾਂ ਕੋਈ ਫੈਸਲਾ ਨਹੀਂ ਕਰਦੀ ਸੀ ਅਤੇ ਨਾ ਹੀ ਕਰਨਾ ਚਾਹੁੰਦੀ ਸੀ। ਬਾਕੀ ਪਿਆਰ ਵਾਲੇ ਚੱਕਰ ਤੋਂ ਤਾਂ ਉਹ ਕੋਹਾਂ ਦੂਰ ਸੀ।

ਅਖੀਰ ਪਿੰਡ ਦੇ ਕਿਸੇ ਜਾਣ ਪਹਿਚਾਣ ਵਾਲੇ ਨੇ ਮੀਤ ਦਾ ਰਿਸ਼ਤਾ ਪੱਕਾ ਕਰਵਾ ਦਿੱਤਾ। ਮੀਤ ਦਾ ਵਿਆਹ ਗੁਰਦੀਪ ਨਾਲ ਹੋਇਆ। ਗੁਰਦੀਪ ਵੀ ਬੀ.ਏ. ਪਾਸ ਸੀ। ਵਿਆਹ ਦੇ 2 ਮਹੀਨੇ ਬਾਅਦ ਮੀਤ ਕਨੇਡਾ ਆ ਗਈ ਤੇ ਆਕੇ ਗੁਰਦੀਪ ਦੇ ਵੀ ਕਾਗਜ਼ ਭਰ ਦਿੱਤੇ। ਗੁਰਦੀਪ ਵੀ 6-7 ਕੁ ਮਹੀਨਿਆਂ ਬਾਅਦ ਕਨੇਡਾ ਆ ਗਿਆ। ਗੁਰਦੀਪ ਦੇ ਉਸ ਕੋਲ ਪਹੁੰਚਣ ਤੋਂ ਬਾਅਦ ਤਾਂ ਮੀਤ ਏਨੀ ਖੁਸ਼ ਸੀ ਕਿ ਉਸ ਤੋਂ ਖੁਸ਼ੀ ਸੰਭਾਲੀ ਨਹੀਂ ਸੀ ਜਾਂਦੀ। ਖੁਸ਼ੀ ਹੁੰਦੀ ਵੀ ਕਿਉਂ ਨਾ ! ਬੇਗਾਨੇ ਮੁਲਕ ਵਿੱਚ ਹੁਣ ਉਸ ਕੋਲ ਇੱਕ ਸਹਾਰਾ ਜੁ ਸੀ। ਜਿਸ ਨਾਲ ਉਹ ਆਪਣੇ ਦਿਲ ਦੀ ਹਰ ਗੱਲ ਸਾਂਝੀ ਕਰ ਸਕਦੀ ਸੀ।

ਥੋੜ੍ਹਾ ਸਮਾਂ ਬੀਤਣ ਤੋਂ ਬਾਅਦ ਜਿਵੇਂ ਮੀਤ ਦੀਆਂ ਖੁਸ਼ੀਆਂ ਨੂੰ ਨਜ਼ਰ ਹੀ ਲੱਗ ਗਈ ਹੋਵੇ। ਮੀਤ ਨੂੰ ਉਹ ਧੋਖਾ ਮਿਲਿਆ ਜਿਸ ਬਾਰੇ ਮੀਤ ਨੇ ਕਦੇ ਸੁਪਨੇ ਵਿੱਚ ਵੀ ਨਹੀ ਸੀ ਸੋਚਿਆ। ਗੁਰਦੀਪ ਜਾਣ ਬੁੱਝ ਕੇ ਸ਼ਰਾਬ ਪੀ ਕੇ ਮੀਤ ਨਾਲ ਲੜਾਈ ਝਗੜੇ ਕਰਨ ਲੱਗਾ। ਮੀਤ ਬਹੁਤ ਉਦਾਸ ਰਹਿਣ ਲੱਗੀ। ਹਰ ਸਮੇਂ ਇਹੀ ਸੋਚਦੀ ਰਹਿੰਦੀ ਕਿ ਮਾਪਿਆ ਦੇ ਲੱਭੇ ਵਾਰੇ ਕਿਵੇਂ ਮਾੜਾ ਦੱਸਾਂ ਮਾਪਿਆ ਨੂੰ ! ਹੋਰ ਕਈ ਧੀਆਂ ਵਾਂਗ ਜੋ ਸਭ ਕੁੱਝ ਖੁਦ ਹੀ ਸਹਿ ਲੈਦੀਆਂ ਨੇ, ਕਾਫ਼ੀ ਸਮੇਂ ਤੱਕ ਮੀਤ ਵੀ ਸਭ ਕੁੱਝ ਸਹਿਣ ਕਰਦੀ ਰਹੀ। ਪਰ ਸਿਆਣੇ ਕਹਿੰਦੇ ਨੇ ਕਿ ਜਦ ਪਾਣੀ ਸਿਰ ਉੱਪਰੋਂ ਦੀ ਲੰਘ ਜਾਵੇ ਤਾਂ ਕੁੱਝ ਵੀ ਛੁਪਿਆ ਨਹੀਂ ਰਹਿੰਦਾ।

ਇੱਕ ਦਿਨ ਗੁਰਦੀਪ ਨੇ ਸਾਫ਼ ਹੀ ਆਖ ਦਿੱਤਾ ਕਿ ਮੈਨੂੰ ਤਲਾਕ ਚਾਹੀਦਾ ਹੈ। ਮੀਤ ਦੇ ਪੈਰਾਂ ਹੇਠੋ ਜ਼ਮੀਨ ਨਿਕਲ ਗਈ। ਗੁਰਦੀਪ ਨੇ ਅੱਗੇ ਇਹ ਵੀ ਕਹਿ ਦਿੱਤਾ ਕਿ ਅਸਲ ਵਿੱਚ ਮੈ ਤਾਂ ਮੇਰੇ ਨਾਲ ਦੇ ਪਿੰਡ ਦੀ ਇੱਕ ਕੁੜੀ ਨਾਲ ਪਿਆਰ ਕਰਦਾ ਹਾਂ। ਮੈ ਤਾਂ ਸਿਰਫ ਕੇਨੇਡਾ ਆਉਣ ਲਈ ਹੀ ਤੇਰੇ ਨਾਲ ਵਿਆਹ ਕਰਵਾਇਆ ਸੀ ਤਾਂ ਕਿ ਮੈਂ ਮਨਦੀਪ ਨਾਲ ਵਿਆਹ ਕਰਵਾ ਕੇ ਇੱਥੇ ਰਹਿ ਸਕਾਂ। ਇਹ ਸਭ ਸੁਣ ਕੇ ਤਾਂ ਮੀਤ ਨੂੰ ਏਦਾਂ ਮਹਿਸੂਸ ਹੋਇਆ ਜਿਵੇਂ ਕਿ ਉਸ ਉੱਪਰ ਦੁੱਖਾਂ ਦਾ ਪਹਾੜ ਹੀ ਟੁੱਟ ਪਿਆ ਹੋਵੇ। ਅੱਜ ਇੱਕ ਵਾਰੀ ਫਿਰ ਉਸ ਨੇ ਪ੍ਰਦੇਸਾਂ ਵਿੱਚ ਆਪਣੇ ਆਪ ਨੂੰ ਇਕੱਲੀ ਮਹਿਸੂਸ ਕੀਤਾ। ਪ੍ਰਦੇਸਾਂ ਵਿੱਚ ਆਪਣਾ ਦੁੱਖ ਦੱਸੇ ਵੀ, ਤਾਂ ਕਿਸ ਨੂੰ ! ਮੀਤ ਦੀਆਂ ਆਸਾਂ ਦੇ ਉਸਾਰੇ ਹੋਏ ਸਾਰੇ ਮਹਿਲ ਢਹਿ-ਢੇਰੀ ਹੋ ਗਏ ਤੇ ਉਹ ਬੈੱਡ ਤੇ ਪਈ ਭੁੱਬਾਂ ਮਾਰ ਮਾਰ ਰੋਂਦੀ ਰਹੀ।

ਦੋਸਤੋ ਅੱਜ ਦੇ ਸਮੇਂ ਵਿੱਚ ਕਿੰਨੀਆਂ ਹੀ ਘਟਨਾਵਾਂ ਇਸ ਤਰਾਂ ਦੀਆਂ ਹੋ ਰਹੀਆਂ ਨੇ ਕਿਉਂ ਕਿ ਲੋਕ ਇਹ ਨਹੀਂ ਸੋਚਦੇ ਕਿ ਸਾਡੇ ਵੀ ਘਰਾਂ ਵਿੱਚ ਧੀਆਂ ਅਤੇ ਭੈਣਾਂ ਨੇ। ਜ਼ਰਾ ਸੋਚੋ ! ਜੇ ਕਦੇ ਉਨ੍ਹਾਂ ਨਾਲ ਵੀ ਕੁੱਝ ਇਸ ਤਰ੍ਹਾਂ ਦਾ ਹੋਵੇ ਤਾਂ ਸਾਡੇ ਦਿਲ ਤੇ ਕੀ ਬੀਤੇਗੀ ? ਇੱਕਲਾ ਪਿਆਰ ਹੀ ਸਭ ਕੁੱਝ ਨਹੀਂ ਹੁੰਦਾ। ਨਾਲੇ ਇਹ ਕਿਸ ਤਰ੍ਹਾਂ ਦਾ ਪਿਆਰ ਹੋਇਆ, ਜਿਸ ਵਿੱਚ ਕਿਸੇ ਦੀ ਜ਼ਿੰਦਗੀ ਹੀ ਤਬਾਹ ਹੋ ਜਾਵੇ ! ਬਾਕੀ ਇਹ ਵੀ ਜ਼ਰੂਰੀ ਨਹੀਂ ਕਿ ਮੁੰਡੇ ਹੀ ਇਸ ਤਰ੍ਹਾਂ ਧੋਖਾ ਕਰਦੇ ਨੇ। ਕਈ ਕੁੜੀਆਂ ਵੀ ਇਸ ਤਰ੍ਹਾਂ ਹੀ ਕਰ ਰਹੀਆਂ ਨੇ।

**ਸਤਵੀਰ**
(ਧੰਨਵਾਦ ਸਹਿਤ ਧੀਆਂ ਪੇਜ)

# ਖੁਸ਼ੀ–ਕਹਾਣੀ

''ਭੰਡਾ ਭੰਡਾਰੀਆ ਕਿੰਨਾਂ ਕੁ ਭਾਰ,
ਇੱਕ ਮੁੱਠੀ ਚੱਕ ਲਾ ਦੂਜੀ ਤਿਆਰ''

ਲੀੜੇ ਸਿਉਦੀ ਜੀਤੀ ਦੇ ਕੰਨੀ ਖੇਡਦੇ ਜਵਾਕਾਂ ਦੀਆਂ ਆਵਾਜਾਂ ਪੈ ਰਹੀਆਂ ਸਨ। ਮਨ ਹੀ ਮਨ ਸੋਚਣ ਲੱਗੀ ਕਿ ਖੇਡ ਖੇਡ ਵਿੱਚ ਹੀ ਕਿੱਡੀ ਵੱਡੀ ਸੱਚਾਈ ਲੁਕੀ ਹੋਈ ਹੈ। ਇਵੇਂ ਹੀ ਤਾਂ ਹੈ ਜਿੰਦਗੀ ਦਾ ਹਾਲ, ਇੱਕ ਜਿੰਮੇਵਾਰੀ ਸਿਰੇ ਚੜ੍ਹਦੀ ਹੈ ਤਾਂ ਉਦੋਂ ਨੂੰ ਦੂਜੀ ਤਿਆਰ ਹੋ ਜਾਂਦੀ ਹੈ। ਇਹ ਨਹੀ ਸੀ ਕਿ ਉਹ ਕੋਈ ਗਰੀਬ ਸੀ, ਵਾਹਿਗੁਰੂ ਦੀ ਮੇਹਰ ਸਦਕਾ ਸੋਹਣਾ ਰੋਟੀ-ਪਾਣੀ ਚਲ ਰਿਹਾ ਸੀ। ਦੋਵੇ ਜਵਾਕ ਵੀ ਚੰਗੇ ਸਕੂਲ ਵਿੱਚ ਪੜ੍ਹਦੇ ਸਨ। ਪਰ ਆਮ ਕਿਰਸਾਣੀ ਜਰੂਰਤਾਂ ਤਾਂ ਪੂਰੀਆਂ ਕਰ ਦਿੰਦੀ ਹੈ ਪਰ ਸ਼ਾਇਦ ਸ਼ੌਕ ਪਿੱਛੇ ਰਹਿ ਜਾਂਦੇ ਹਨ। ਇਸੇ ਲਈ ਆਪ ਵੀ ਤਾਂ ਉਹ ਸ਼ਿੰਦਰ ਦਾ ਪੂਰਾ ਹੱਥ ਵਟਾਉਦੀ ਸੀ। ਲੋਕਾਂ ਦੇ ਲੀੜੇ-ਕੱਪੜੇ ਸਿਉ ਕੇ ਗੁਜਾਰੇ ਜੋਗੇ ਪੈਸੇ ਤਾਂ ਕਮਾ ਹੀ ਲੈਂਦੀ ਸੀ।



ਜਵਾਕਾਂ ਦੇ ਚੀਕਾਂ-ਰੌਲੀ ਨੇ ਫਿਰ ਉਸਦੀ ਬਿਰਤੀ ਤੋੜੀ ਤਾਂ ਖਿਆਲ ਆਇਆ ਕਿ ਫੌਜਣ ਦਾ ਸੂਟ ਤਾਂ ਆਥਣ ਤੱਕ ਸਿਉ ਕੇ ਦੇਣਾ। ਉਹ ਫਿਰ ਕਾਹਲੀ ਨਾਲ ਸੂਟ ਸਿਉਣ ਵਿੱਚ ਲੱਗ ਗਈ। ਗੁਲਾਨਾਰੀ ਰੰਗ ਦੇ ਰੇਸ਼ਮੀ ਸੂਟ ਨੂੰ ਸਿਊਦੇ ਉਹਨੂੰ ਖਿਆਲ ਅਉਣ ਲੱਗਾ ਕਿ, ਭਾਗਾਂ ਵਾਲੀ ਹੈ ਫੌਜਣ। ਫੌਜੀ ਛੇ ਮਹੀਨੀ ਜਦੋਂ ਵੀ ਛੁੱਟੀ ਅਉਦਾਂ, ਪੰਜ-ਸੱਤ ਸੂਟ ਤੇ ਹੋਰ ਬਥੇਰਾ ਨਿੱਕ-ਸੁੱਕ ਫੌਜਣ ਨੂੰ ਲੈ ਕੇ ਦੇ ਜਾਂਦਾਂ। ਸੋਚਣ ਲੱਗੀ ਕਿ ਸ਼ਿੰਦਰ ਤੇ ਫੌਜੀ ਹਮਉਮਰ ਹੀ ਹਨ। ਕਾਸ਼ ਉਦੋਂ ਸ਼ਿੰਦਰ ਵੀ ਭਰਤੀ ਹੋ ਜਾਂਦਾਂ ਪਰ ਫੇਰ ਸ਼ਿੰਦਰ ਤੋਂ ਵਿਛੋੜੇ ਦੇ ਖਿਆਲ ਨੇ ਹੀ ਉਸਦੇ ਅੱਖੀ ਪਾਣੀ ਲਿਆ ਦਿੱਤਾ ਤੇ ਮਨ ਹੀ ਮਨ ਹੱਸ ਕੇ ਬੋਲੀ, ''ਭੱਠ ਪੈਣ ਇਹੋ ਜਿਹੇ ਸੂਟ''।

ਆਥਣੇ ਫੌਜਣ ਸੂਟ ਫੜਣ ਆਈ ਦੱਸਣ ਲੱਗੀ ਕਿ ਅਸੀ ਕੱਲ ਸ਼ਹਿਰ ਜਾਣਾ। ਫੌਜੀ ਮੈਨੂੰ ਸੋਨੇ ਦੀ ਮੁੰਦੀ ਬਣਾ ਕੇ ਦੇਣ ਲੱਗਾ। ਜੀਤੀ ਦੀਆਂ ਅੱਖਾਂ ਵਿੱਚ ਇੱਕ ਵਾਰ ਫਿਰ ਬੇਬਸੀ ਆ ਗਈ। ਨੇੜੇ ਹੀ ਕੰਮ ਕਰਦਾ ਸ਼ਿੰਦਰ ਵੀ ਉਹਨਾਂ ਦੀਆਂ ਗੱਲਾਂ ਸੁਣ ਰਿਹਾ ਸੀ ਅਤੇ ਜੀਤੀ ਦੀਆਂ ਅੱਖਾਂ ਉਹ ਪੜ੍ਹ ਸਕਦਾ ਸੀ। ਜੀਅ ਕੀਤਾ ਕੱਲ ਹੀ ਸੁਨਿਆਰੇ ਕੋਲ ਜਾ ਕੇ ਜੀਤੀ ਨੂੰ ਮੁੰਦੀ ਲਿਆ ਦੇਵੇ, ਸੁੱਖ ਨਾਲ ਫਸਲ ਵੀ ਸੋਹਣੀ ਹੋਈ ਹੈ ਇਸਵਾਰ। ਪਰ ਫੇਰ ਖਿਆਲ ਆਇਆ ਕਿ ਚਾਰ ਪੈਸੇ ਜਵਾਕਾਂ ਦੀ ਅਗਲੀ ਪੜ੍ਹਾਈ ਵਾਸਤੇ ਵੀ ਜੋੜਨੇ ਹਨ। ਕੁੜੀ ਤਾਂ ਸੁੱਖ ਨਾਲ ਐਂਤਕੀ ਅੱਠਵੀ ਪਾਸ ਕਰ ਗਈ ਆ।

ਇਹੀ ਸੋਚਾਂ ਸੋਚਦਾ ਉਹ ਪਸ਼ੂਆਂ ਨੂੰ ਨੀਰਾ ਪਉਣ ਲੱਗ ਪਿਆ ਕਿ ਬਿੱਕਰ ਉਹਨੂੰ ਸੁਨੇਹਾ ਦੇਣ ਆ ਗਿਆ ਕਿ ਕੱਲ੍ਹ ਨੂੰ ਮਾੜੀ ਵਾਲੇ ਮੇਲੇ ਲਈ ਟਰਾਲੀ ਲੈ ਕੇ ਜਾਣੀ ਆ, ਉਹ ਵੀ ਤਿਆਰ ਰਹੇ। ਅਗਲੀ ਦਿਨ ਉਹ ਸਵੇਰੇ ਹੀ ਟਰੈਕਟਰ ਟਰਾਲੀ ਲੈ ਕੇ ਨਿਕਲ ਪਏ। ਮੇਲਾ ਵਾਹਵਾ ਭਰਿਆ ਹੋਇਆ ਸੀ। ਨਿੱਕੀਆਂ ਦੁਕਾਨਾਂ ਅਤੇ ਅਣਗਿਣਤ ਰੇੜ੍ਹੀਆਂ-ਰੇੜ੍ਹਿਆਂ ਤੇ ਦੁਕਾਨਦਾਰ ਸਮਾਨ ਵੇਚਣ ਲਈ ਹੋਕੇ ਲਾ ਰਹੇ ਸਨ। ਮੇਲੇ ਦਾ ਗੇੜਾ ਕੱਢਦੇ ਕੱਢਦੇ ਉਸਦੀ ਨਜਰ ਇੱਕ ਦੁਕਾਨ ਬਾਹਰ ਟੰਗੇ ਹਰੇ ਅਤੇ ਲਾਲ ਲਹਿਰੀਏ ਦੁਪੱਟੇ ਤੇ ਪਈ। ਦੇਖਣ ਸਾਰ ਹੀ ਉਸਨੂੰ ਜੀਤੀ ਦਾ ਚੇਹਰਾ ਦਿੱਖਿਆਂ। ਉਹ ਭੱਜ ਕੇ ਉਸ ਦੁਕਾਨ ਤੇ ਗਿਆ ਅਤੇ 50 ਰੁਪਏ ਦੇ ਉਹ ਚੁੰਨ੍ਹੀ ਖਰੀਦ ਲਈ। ਬਹੁਤ ਖੁਸ਼ ਸੀ ਉਹ। ਨਾਲ ਵਾਲੀ ਰੇਹੜ੍ਹੀ ਤੋਂ ਜਵਾਕਾਂ ਲਈ ਨਿੱਕ-ਸੁੱਕ ਅਤੇ ਜੀਤੀ ਲਈ ਹਰੀਆਂ ਵੰਗਾਂ ਵੀ ਖਰੀਦ ਲਈਆਂ।

ਮੇਲਾ ਘੁੰਮ ਅਜੇ ਉਹ ਬਾਹਰ ਨਿਕਲਣ ਦੀ ਤਿਆਰੀ ਹੀ ਕਰ ਰਿਹਾ ਸੀ ਕਿ ਉਸਦੇ ਕੰਨੀ ਇੱਕ ਆਵਾਜ ਪਈ। ਪਿੱਛੇ ਮੁੜ ਵੇਖਿਆ ਤਾਂ ਇੱਕ ਬਜੁਰਗ ਭੁੰਜੇ ਹੀ ਪੱਲੀ ਵਿਛਾਈ ਮੁੰਦੀਆਂ ਤੇ ਨਾਮ ਖੁਣ ਰਿਹਾ। ਝੱਟ ਉਸਨੂੰ ਜੀਤੀ ਦੀਆਂ ਬੇਬੱਸ ਅੱਖਾਂ ਯਾਦ ਆਇਆਂ ਤਾਂ ਉਸਨੇ ਇੱਕ ਮੁੰਦੀ ਪਸੰਦ ਕਰਕੇ ਉੱਤੇ ''ਜੀਤੀ'' ਲਿਖਵਾ ਦਿੱਤਾ। ਹੁਣ ਉਸਦਾ ਉੱਡ ਕੇ ਘਰ ਪਹੁੰਚਣ ਨੂੰ ਜੀਅ ਕਰ ਰਿਹਾ ਸੀ। ਘਰ ਪਹੁੰਚਦੇ ਹੀ ਜਦੋਂ ਉਸਨੇ ਸਮਾਨ ਮੰਜੇ ਤੇ ਰੱਖਿਆ ਤਾਂ ਜਵਾਕ ਖੁਸ਼ੀ ਵਿੱਚ ਉਸ ਨਾਲ ਚਿੰਬੜ ਗਏ। ਜੀਤੀ ਸਿਰ ਤੇ ਨਵਾਂ ਦੁਪੱਟਾ ਲਈ ਫੁੱਲੀ ਨਹੀ ਸਮਾ ਰਹੀ ਸੀ। ਇੰਨ੍ਹੇ ਨੂੰ ਸ਼ਿੰਦਰ ਨੇ ਗੀਝੇ ਵਿੱਚੋਂ ਮੁੰਦੀ ਕੱਢ ਉਸਦੇ ਹੱਥ ਫੜਾ ਦਿੱਤੀ । ਉਸਦੀਆਂ ਅੱਖਾਂ ਦੀ ਚਮਕ ਦੱਸ ਰਹੀ ਸੀ ਕਿ ਉਹ ਕਿੰਨੀ ਖੁਸ਼ ਸੀ।

ਉਹ ਦੋਵੇਂ ਹੀ ਜਾਣਦੇ ਸਨ ਕਿ ਮੁੰਦੀ ਭਵਾਂ ਨਕਲੀ ਹੈ ਪਰ ਇਹ ਖੁਸ਼ੀਆਂ ਅਸਲੀ ਹਨ।

**ਲੇਖਿਕਾ- ਹਰਪ੍ਰੀਤ ਬਰਾੜ ਸਿੱਧੂ**

# ...ਇਸ ਬੇਜੁਬਾਨ ਨੂੰ ਕਦੇ ਵੀ ਖੋਤੀ ਆਖ ਸੰਬੋਧਨ ਨਾ ਹੁੰਦਾ...



ਆਖਦਾ ਇਹ ਸਾਡੇ ਕਰਮਾਂ ਦਾ ਬੋਝ ਢੋਂਦੀ ਏ..ਸੋ ਕਰਮਾਂ ਵਾਲੀ ਹੋਈ..ਨਿੱਕੇ ਹੁੰਦਿਆਂ ਜਦੋਂ ਕਦੇ ਵੀ ਚਾਰੇ ਦੀ ਪੰਡ ਲੱਦਣ ਲਗਿਆਂ ਦੁਲੱਤੀਆਂ ਮਾਰਨ ਲੱਗਦੀ ਤਾਂ ਮੇਰਾ ਬਾਪ ਉਸਦੀ ਪਿੱਠ ਉੱਪਰ ਮੈਨੂੰ ਬਿਠਾ ਦਿਆ ਕਰਦਾ.. !

ਫੇਰ ਇਹ ਕਰਮਾਂ ਵਾਲੀ ਕਦੇ ਵੀ ਇੱਲਤ ਨਾ ਕਰਦੀ.. !

ਆਰਾਮ ਨਾਲ ਘਰ ਵੱਲ ਨੂੰ ਤੁਰੀ ਜਾਂਦੀ..ਭਾਵੇਂ ਢਿੱਡ ਦੁਖੀ ਜਾਂਦਾ ਹੁੰਦਾ ਤਾਂ ਵੀ ਸ਼ਾਇਦ ਆਪਣੀ ਪਿੱਠ ਤੇ ਬੈਠੀ ਮਾਲਕ ਦੀ ਔਲਾਦ ਦਾ ਫਿਕਰ ਹੋਇਆ ਕਰਦਾ ਸੀ..ਔਖੇ ਸੌਖੇ ਉਹ ਸਾਰਾ ਕੁਝ ਘਰੇ ਅਪੜਾ ਸੁਖ ਦਾ ਸਾਹ ਲੈਂਦੀ.. !

ਫੇਰ ਇੱਕ ਦਿਨ ਉਸਦੇ ਪੇਟ ਵਿਚ ਇੱਕ ਬੱਚਾ ਪਲਣ ਲੱਗਾ.. !

ਮੈਂ ਆਪਣੇ ਬਾਪ ਨੂੰ ਉਸਦੀ ਪਿੱਠ ਤੇ ਭਾਰ ਲੱਦਣ ਤੋਂ ਰੋਕ ਦਿੱਤਾ..ਆਖਿਆ ਉਸਨੇ ਕਿਸੇ ਵੇਲੇ ਤੇਰੀ ਔਲਾਦ ਦਾ ਲਿਹਾਜ ਕੀਤਾ ਸੀ ਹੁਣ ਸਾਡਾ ਫਰਜ ਬਣਦਾ ਕੇ ਅਸੀ ਪੇਟ ਅੰਦਰ ਪਲਦੀ ਉਸਦੀ ਔਲਾਦ ਦਾ ਖਿਆਲ ਰੱਖੀਏ !

ਫੇਰ ਇੱਕ ਦਿਨ ਉਸਨੂੰ ਸੂੰਦੀ ਹੋਈ ਨੂੰ ਵੇਖਿਆ..

ਨਿਆਣਿਆਂ ਨੂੰ ਅਕਸਰ ਕੋਲ ਨਹੀਂ ਖਲੋਣ ਦਿੱਤਾ ਜਾਂਦਾ ਪਰ ਮੇਰਾ ਬਾਪ ਬੜਾ ਅਨੋਖਾ ਇਨਸਾਨ ਸੀ..ਮੈਨੂੰ ਉਚੇਚਾ ਉਸਦੇ ਕੋਲ ਖਲਿਆਰਿਆ.. !

ਤੜਫਦੀ ਨੂੰ ਵੇਖ ਮੇਰਾ ਰੋਣ ਨਿੱਕਲ ਗਿਆ..ਏਨੀ ਤਕਲੀਫ..ਏਨਾ ਦਰਦ..ਦੱਸਦੇ ਸੰਤਾਲੀ ਹੱਡੀਆਂ ਟੁੱਟਣ ਜਿੰਨੀ ਪੀੜ ਹੁੰਦੀ ਏ ਇੱਕ ਮਾਂ ਨੂੰ ਜਣੇਪੇ ਵੇਲੇ.. !

ਫੇਰ ਵੀ ਜਨਮ ਦੇਣ ਮਗਰੋਂ ਆਪਣੇ ਵਜੂਦ ਅੰਦਰੋਂ ਨਿੱਕਲੇ ਨੂੰ ਚੱਟਦੀ ਰਹੀ..ਚੁੰਮਦੀ ਰਹੀ..ਸਾਰਾ ਦੁੱਖ ਦਰਦ ਭੁੱਲ ਗਈ.. !

ਮੇਰੀ ਮਾਂ ਕੋਰੀ ਅਨਪੜ ਸੀ.. !

ਸ਼ਕਲ ਦੀ ਬੜੀ ਸੋਹਣੀ ਪਰ ਇੱਕ ਅੱਖ ਵਿਚ ਨੁਕਸ..ਮੇਰਾ ਬਾਪ ਹੱਥੀਂ ਛਾਵਾਂ ਕਰਦਾ ਸੀ..ਇੱਕ ਵਾਰ ਕਿਸੇ ਕਾਣੀ ਆਖ ਦਿੱਤਾ..ਉਸਨੂੰ ਮਾਰ ਮੁਕਾਉਣ ਤੱਕ ਗਿਆ..ਅਗਲੇ ਨੇ ਅਖੀਰ ਮਾਫ਼ੀ ਮੰਗ ਖਹਿੜਾ ਛੁਡਾਇਆ.. !

ਆਖਿਆ ਕਰਦਾ ਮੇਰੇ ਬੱਚਿਆਂ ਦੀ ਮਾਂ ਏ..ਮੇਰੇ ਵੰਸ਼ ਨੂੰ ਅੱਗੇ ਤੋਰਨ ਵਾਲੀ.. !

ਫੇਰ ਜਿਸ ਦਿਨ ਅਚਨਚੇਤ ਚਲੀ ਗਈ ਉਸ ਦਿਨ ਵੇਹੜੇ ਬੱਝੇ ਸਾਰੇ ਪਸ਼ੂ ਅਨਾਥ ਜਿਹੇ ਹੋ ਗਏ..ਕਿੰਨੇ ਦਿਨ ਕਿਸੇ ਨੇ ਵੀ ਪੱਠਿਆਂ ਨੂੰ ਮੂੰਹ ਤੱਕ ਨਾ ਲਾਇਆ..ਮੇਰਾ ਬਾਪ ਧਾਰਾਂ ਚੋਣ ਗਿਆ ਕਿੰਨੀ ਕਿੰਨੀ ਦੇਰ ਓਹਨਾ ਦੇ ਗੱਲ ਲੱਗ ਰੋਂਦਾ ਰਹਿੰਦਾ..ਪਰ ਮੈਥੋਂ ਚੋਰੀ.. !

ਲੋਕ ਸਲਾਹਾਂ ਦਿੰਦੇ..ਨਵਾਂ ਵਿਆਹ ਕਰਵਾ ਲੈ..ਮੁੱਲ ਵਿਕਦੀ ਕੁਦੇਸਣ ਲਿਆ ਦਿੰਨੇ..

ਅੱਗੋਂ ਕਹਿੰਦਾ ਨਹੀਂ ਮੇਰੀ ਧੀ ਨੇ ਰੁਲ ਜਾਣਾ..ਕਿੰਨਾ ਕਮਲਾ ਸੀ..ਆਪਣੇ ਸੁੱਖਾਂ ਦੀ ਕੋਈ ਪ੍ਰਵਾਹ ਹੀ ਨਹੀਂ ਸੀ ਉਸ ਨੂੰ.. !

ਫੇਰ ਮੇਰੇ ਵਿਆਹ ਮਗਰੋਂ ਮਸੀਂ ਛੇ ਮਹੀਨੇ ਤੱਕ ਜਿਉਂਦਾ ਰਿਹਾ..ਲੋਕੀ ਆਖਦੇ ਕੋਈ ਬਾਹਰ ਦੀ ਸ਼ੈ ਚੰਬੜ ਗਈ ਸੀ ਪਰ ਮੈਨੂੰ ਪਤਾ ਸੀ..ਉਹ ਖੰਗਦਾ ਤਾਂ ਕਈ ਵਾਰ ਥੁੱਕ ਵਿਚ ਲਹੂ ਆਉਂਦਾ.. !

ਦੋਸਤੋ ਇਹ ਤੇ ਸੀ ਇੱਕ ਅਖੀਂ ਵੇਖਿਆ ਸੱਚਾ ਘਟਨਾ ਕਰਮ...।

ਪਰ ਇੱਕ ਗੱਲ ਤਾਂ ਸੋਲਾਂ ਆਨੇ ਸੱਚ ਏ ਕੇ ਇਹ ਸਾਹ ਲੈਂਦੇ ਬੇਜੁਬਾਨ ਪ੍ਰਾਣੀ ਭਾਵੇ ਮੂਹੋਂ ਕੁਝ ਨਹੀਂ ਬੋਲ ਸਕਦੇ ਪਰ ਇਹਨਾਂ ਦੀਆਂ ਅੱਖੀਆਂ ਵਿਚੋਂ ਵੀ ਕਈ ਵੇਰ ਨੀਰ ਵਗਦਾ..ਜਦੋਂ ਕੋਈ ਆਪਣਾ ਮਿੱਤਰ ਪਿਆਰਾ ਜਹਾਨ ਤੋਂ ਚਲਾ ਜਾਂਦਾ !

ਸਾਡੇ ਪਿੰਡ ਮੇਰੇ ਨਾਲ ਡੰਗਰ ਚਾਰਦਾ ਇੱਕ ਬਜ਼ੁਰਗ ਅਕਸਰ ਹੀ ਆਖਿਆ ਕਰਦਾ ਸੀ ਕੇ ਜੋ ਇਨਸਾਨ ਘਰੇ ਰੱਖੇ ਕਿੱਲੇ ਬੱਝੇ ਪਸ਼ੂ ਤੇ ਜਾਂ ਫੇਰ ਚੁੱਲ੍ਹਾ ਚੌਂਕਾ ਸੰਭਾਲਦੀ ਘਰ ਦੀ ਔਰਤ ਤੇ ਕਦੀ ਵੀ ਹੱਥ ਨਾ ਚੁੱਕੇ..ਅਸਲ ਵਿਚ ਸੂਰਮਾਂ ਅਖਵਾਉਣ ਦਾ ਹੱਕ ਸਿਰਫ ਉਸਨੂੰ ਹੀ ਹੁੰਦਾ ਹੈ.. !



**ਹਰਪ੍ਰੀਤ ਸਿੰਘ ਜਵੰਦਾ**

# ਬੇ–ਜੋੜ ਰਿਸ਼ਤਾ....

ਅੱਜ ਵੀਕਐਂਡ ਸੀ, ਕੱਲ ਨੂੰ ਕੰਮ ਤੋਂ ਛੁੱਟੀ ਸੀ ਉਹ ਨਹਾ ਧੋਕੇ ਲੀਕਰ ਸਟੋਰ ਗਿਆ, ਉੱਥੋਂ ਜੈਮਸਨ ਦਾ ਘੜਾ ਫੜਿਆ 'ਤੇ ਗੇਟਵੇਅ ਆਲੇ ਸਕੇ ਭਰਾਵਾਂ ਤੋਂ 4 ਪੌਂਡ ਮੱਛੀ ਪੈਕ ਕਰਵਾਕੇ ਘਰ ਲੈ ਆਇਆ, ਉਸਨੇ ਲਿਵਿੰਗ ਏਰੀਏ ਵਿੱਚ ਪਏ ਮੇਜ਼ ਉਪਰ ਸਾਰਾ ਸਮਾਨ ਟਿਕਾਇਆ 'ਤੇ ਰਿਲੈਕਸ਼ ਹੋਕੇ ਸੋਫੇ ਉਪਰ ਬੈਠ ਗਿਆ, ਉਸਨੇ ਅੱਗੜ-ਪਿੱਛੜ ਦੋ ਪੈਗ ਇਕੱਠੇ ਅੰਦਰ ਸੁੱਟੇ 'ਤੇ ਮੱਛੀ ਦੇ ਚਾਰ ਪੀਸ ਖਾਣ ਤੋਂ ਬਾਅਦ ਆਪਣੇ ਪਿੰਡ ਘਰੇ ਫੋਨ ਮਿਲਾ ਲਿਆ।

ਅੱਗਿਓ ਮਾਂ ਨੇ ਫੋਨ ਚੁੱਕਿਆ..... ਕਿਵੇਂ ਆ ਮੇਰਾ ਸੋਹਣਾ ਪੁੱਤ, ਹੋਰ ਸੁੱਖ ਸਾਂਦ ਆ ਸੋਹਣਿਆਂ.... ਮਾਂ ਦੀ ਮਿੱਠੀ ਅਵਾਜ਼ ਨੇ ਕੰਨਾਂ ਵਿੱਚ ਸ਼ਹਿਦ ਘੋਲ ਦਿੱਤਾ, ਦੋ ਪੈੱਗਾਂ ਦੇ ਸ਼ਰੂਰ ਵਿੱਚ ਹੋਇਆ ਗੁਰਮੀਤ ਬੋਲਿਆ.... ਮਾਂ ਅੱਜ ਤੇਰਾ ਪੁੱਤ ਬਹੁਤ ਖੁਸ਼ ਆ.....ਹਰਜੀਤ... ਆਲਾ ਬੋਝ ਹਲਕਾ ਹੋ ਗਿਆ..... ਮਾਂ ਬੋਲੀ... ਇਹ ਬਹੁਤ ਖੁਸ਼ੀ ਵਾਲੀ ਗੱਲ ਆ ਪੁੱਤ... ਮੈਂ ਅੱਜ ਬਾਬੇ ਦੇ ਪਤਾਸੇ ਵੰਡ ਕਿ ਆਊ... ਉਸ ਚੁੜੇਲ ਤੋਂ ਮੇਰੇ ਪੁੱਤ ਦਾ ਖਹਿੜਾ ਛੁੱਟ ਗਿਆ।

ਮਾਂ ਤੈਨੂੰ ਯਾਦ ਆ... ਅੱਜ ਤੋਂ ਅੱਠ ਸਾਲ ਪਹਿਲਾ ਜਦੋਂ ਆਪਾਂ ਨੂੰ ਮੇਰੇ ਰਿਸਤੇ ਲਈ....ਫੁੱਫੜ ਨੇ ਹਰਜੀਤ ਦੀ ਦੱਸ ਪਾਈ ਸੀ?... ਹਾਂ ਪੁੱਤ ਮੈਂ ਉਹ ਸਮਾਂ ਕਿਵੇਂ ਭੁੱਲ ਸਕਦੀ ਆ... ਮਾਂ ਬੋਲੀ.... ਆਪਾਂ ਸੱਤ ਬੈਂਡਾਂ ਦੇ ਚੱਕਰ ਵਿੱਚ ਫਸ ਗਏ ਸੀ ਪੁੱਤ.... ਚੰਦਰੀ ਮੱਤ ਮਾਰੀ ਗਈ ਸੀ.. ਭੋਰਾ ਪੜਤਾਲ ਨੀ ਕੀਤੀ ਸੀ ਆਪਾਂ..... ਤਾਂ ਹੀ ਤਾਂ ਅੱਠ ਸਾਲ ਨਰਕ ਭੋਗਿਆ ਮੇਰੇ ਪੁੱਤ ਨੇ।

ਮਾਂ ਤੁਸੀਂ ਤਾਂ ਪਿੰਡ ਸੀ... ਮੈਨੂੰ ਪਤਾ.. ਮੈਂ ਕੈਨੇਡਾ ਆਕੇ ਹਰਜੀਤ ਨਾਲ ਰਹਿਕੇ ਕੀ ਕੀ ਜਰਿਆ... ਬੱਸ ਮੇਰਾ ਦਿਲ ਪੁੱਛਿਆ ਹੀ ਜਾਣਦਾ...ਹਰਜੀਤ ਦਾ ਸਰਾਬ ਪੀਣਾ... ਦੇਰ ਰਾਤ ਘਰ ਆਉਣਾ...ਕਲੱਬਾਂ 'ਚ ਨਿੱਤ ਨਵੇਂ ਦੋਸਤਾਂ ਨਾਲ ਨੱਚਣਾ... ਇਹ ਮੈਂ ਹੀ ਬਰਦਾਸ਼ਤ ਕਰ ਗਿਆ ਜੇ ਕੋਈ ਹੋਰ ਹੁੰਦਾ ਕਦੋਂ ਦਾ ਮਰ ਮੁੱਕ ਜਾਣਾ ਸੀ।

ਗੁਰਮੀਤ ਦੀਆਂ ਗੱਲਾਂ ਸੁਣਕੇ ਮਾਂ ਕੁਝ ਪਲ ਚੁੱਪ ਰਹੀ... ਫਿਰ ਬੋਲੀ...ਪੁੱਤ ਰਿਸਤਾ ਟੁੱਟੇ ਤਾਂ ਦੁੱਖ ਹੁੰਦਾ ਹੀ ਆ... ਪਰ ਜਿਹੜਾ ਰਿਸਤਾ ਰੂਹ ਨੂੰ ਰੋਜ਼ ਮਾਰਦਾ ਰਹੇ ਉਸਦਾ ਮੁੱਕ ਜਾਣਾ ਹੀ ਚੰਗਾ ਹੁੰਦਾ...ਗੁਰਮੀਤ ਬੋਲਿਆ....ਮਾਂ ਮੈਂ ਬਹੁਤ ਕੋਸ਼ਿਸ਼ ਕੀਤੀ ਸੀ ਇਹ ਘਰ ਬਚ ਜਾਵੇ... ਪਰ ਹਰ ਵਾਰੀ ਮੈਂ ਹੀ ਝੁਕਦਾ ਰਿਹਾ।

ਉਸਦੀਆਂ ਅੱਖਾਂ ਅੱਗੇ ਪਿਛਲੇ ਅੱਠ ਸਾਲ ਫਿਲਮ ਵਾਂਗ ਘੁੰਮਣ ਲੱਗ ਪਏ.....ਜਦੋਂ ਉਹ ਨਵਾਂ-ਨਵਾਂ ਕੈਨੇਡਾ ਆਇਆ ਸੀ ਤਾਂ ਹਰਜੀਤ ਉਸਦੀ ਦੁਨੀਆਂ ਹੁੰਦੀ ਸੀ, ਉਹ ਉਸਦੇ ਸਾਰੇ ਸ਼ੌਂਕ ਪੂਰੇ ਕਰਦਾ, ਵੀਕਐਂਡ 'ਤੇ ਉਸਨੂੰ ਘੁਮਾਉਣ ਲੈ ਜਾਂਦਾ, ਪਰ ਹੌਲੀ-ਹੌਲੀ ਹਰਜੀਤ ਦਾ ਰੰਗ ਬਦਲਦਾ ਗਿਆ, ਘਰ ਨਾਲੋਂ ਬਾਹਰ ਦੀ ਦੁਨੀਆਂ ਉਸਨੂੰ ਵੱਧ ਚੰਗੀ ਲੱਗਣ ਲੱਗ ਪਈ ਸੀ।



ਕਈ ਵਾਰ ਗੁਰਮੀਤ ਰਾਤ ਦੇ ਦੋ-ਦੋ ਵਜੇ ਤੱਕ ਦਰਵਾਜ਼ੇ ਵੱਲ ਤੱਕਦਾ ਰਹਿੰਦਾ,ਜਿਵੇਂ ਹੀ ਹਰਜੀਤ ਘਰ ਆਉਂਦੀ ਤਾਂ ਸ਼ਰਾਬ ਦੀ ਬੂ ਸਾਰੇ ਘਰ ਵਿੱਚ ਫੈਲ ਜਾਂਦੀ..... ਜੇ ਗੁਰਮੀਤ ਕੁਝ ਕਹਿੰਦਾ ਤਾਂ.... ਉਲਟਾ ਉਹ ਕਹਿੰਦੀ ਕਿ.. ਤੂੰ ਏਨਾ ਸ਼ੱਕੀ ਕਿਉਂ ਆ?...ਉਹ ਗੁਰਮੀਤ ਨੂੰ ਹੀ ਬੁਰਾ ਭਲਾ ਕਹਿੰਦੀ।

ਗੁਰਮੀਤ ਚੁੱਪ ਕਰ ਜਾਂਦਾ...ਉਹ ਸੋਚਦਾ ਸੀ ਸ਼ਾਇਦ ਪਿਆਰ ਨਾਲ ਸਭ ਕੁਝ ਠੀਕ ਹੋ ਜਾਵੇ,ਪਰ ਇੱਕ ਦਿਨ ਤਾਂ ਹੱਦ ਹੋ ਗਈ, ਉਸ ਦਿਨ ਗੁਰਮੀਤ ਕੰਮ ਤੋਂ ਜਲਦੀ ਘਰ ਆ ਗਿਆ ਸੀ, ਘਰ ਅੰਦਰ ਹਰਜੀਤ ਆਪਣੇ ਕੁਝ ਦੋਸਤਾਂ ਨਾਲ ਪਾਰਟੀ ਕਰ ਰਹੀ ਸੀ, ਮੇਜ਼ਾਂ ਉਪਰ ਸ਼ਰਾਬ ਦੀਆਂ ਬੋਤਲਾਂ ਪਈਆਂ ਸਨ, ਉੱਚੀ ਅਵਾਜ਼ ਵਿੱਚ ਗੀਤ ਚੱਲ ਰਹੇ ਸਨ।

ਗੁਰਮੀਤ ਨੇ ਹਰਜੀਤ ਨੂੰ ਕਿਹਾ ਕਿ... ਇਹ ਕੀ ਹੋ ਰਿਹਾ.... ਹਰਜੀਤ, ਗੁਰਮੀਤ ਉਪਰ ਭੜਕ ਪਈ...ਇਹ ਘਰ ਮੇਰਾ ਵੀ ਆ... ਜਦੋਂ ਮਰਜ਼ੀ ਜਿਸਨੂੰ ਮਰਜ਼ੀ ਲਿਆਵਾਂ... ਤੂੰ ਮੈਨੂੰ ਰੋਕਣ ਵਾਲਾ ਕੌਣ ਹੁੰਨਾ?...ਉਸ ਦਿਨ ਗੁਰਮੀਤ ਅੰਦਰੋਂ ਟੁੱਟ ਗਿਆ ਸੀ।

ਕੁਝ ਮਹੀਨਿਆਂ ਬਾਅਦ ਦੋਹਾਂ ਵਿਚਕਾਰ ਗੱਲਬਾਤ ਮੁੱਕ ਗਈ, ਇਕੋ ਘਰ ਵਿੱਚ ਰਹਿੰਦੇ ਹੋਏ ਵੀ ਉਹ ਅਜਨਬੀ ਬਣ ਗਏ,ਫਿਰ ਇੱਕ ਦਿਨ ਕੋਰਟ ਵਿੱਚ ਦਸਤਖ਼ਤ ਹੋ ਗਏ... ਅੱਠ ਸਾਲਾਂ ਦਾ ਰਿਸਤਾ ਕੁਝ ਮਿੰਟਾਂ ਵਿੱਚ ਖਤਮ ਹੋ ਗਿਆ।

ਤਲਾਕ ਤੋਂ ਬਾਅਦ ਗੁਰਮੀਤ ਨੇ ਆਪਣੇ ਆਪ ਨੂੰ ਕੰਮ ਵਿੱਚ ਲਾ ਲਿਆ, ਹੁਣ ਉਹ ਪਹਿਲਾਂ ਨਾਲੋਂ ਸ਼ਾਂਤ ਰਹਿਣ ਲੱਗ ਪਿਆ ਸੀ, ਉਹ ਰਾਤ ਨੂੰ ਚੈਨ ਦੀ ਨੀਂਦ ਸੌਣ ਲੱਗਿਆ ਸੀ। ਉਧਰ ਹਰਜੀਤ ਦੀ ਜ਼ਿੰਦਗੀ ਵੀ ਬਦਲਣ ਲੱਗ ਪਈ ਸੀ, ਜਿਹੜੇ ਦੋਸਤਾਂ ਲਈ ਉਸਨੇ ਆਪਣਾ ਘਰ ਤਬਾਹ ਕੀਤਾ ਸੀ, ਉਹ ਇੱਕ-ਇੱਕ ਕਰਕੇ ਦੂਰ ਹੋ ਗਏ ਸਨ, ਕਲੱਬਾਂ ਦੀ ਰੌਣਕ ਉਸਨੂੰ ਖਾਣ ਲੱਗ ਪਈ ਸੀ, ਖਾਲੀ ਘਰ ਉਸਨੂੰ ਵੱਢ ਖਾਣ ਨੂੰ ਆਉਂਦਾ ਸੀ।

ਉਸਨੂੰ ਗੁਰਮੀਤ ਬਹੁਤ ਯਾਦ ਆਉਂਦਾ ਸੀ,ਕਿਵੇਂ ਉਹ ਸਰਦੀਆਂ ਵਿੱਚ ਸਵੇਰੇ ਚਾਰ ਵਜੇ ਉੱਠਕੇ ਕੰਮ 'ਤੇ ਜਾਂਦਾ ਸੀ, ਉਹਦੇ ਬਿਮਾਰ ਹੋਣ 'ਤੇ ਰਾਤਾਂ ਨੂੰ ਜਾਗਦਾ ਸੀ, ਕਿਵੇਂ ਹਰ ਵਾਰੀ ਉਸਦੀ ਗਲਤੀ ਨੂੰ ਮੁਆਫ ਕਰ ਦਿੰਦਾ ਸੀ, ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ।

ਇੱਕ ਦਿਨ ਹਰਜੀਤ ਨੇ ਹਿੰਮਤ ਕਰਕੇ ਗੁਰਮੀਤ ਨੂੰ ਫੋਨ ਕੀਤਾ...ਹੈਲੋ...ਅੱਗਿਓ ਗੁਰਮੀਤ ਦੀ ਆਵਾਜ਼ ਆਈ, ਹਰਜੀਤ ਰੋਂਦੀ ਹੋਈ ਬੋਲੀ...ਗੁਰਮੀਤ... ਮੈਂ ਤੇਰੇ ਨਾਲ ਬਹੁਤ ਗਲਤ ਕੀਤਾ... ਜਿਹੜਾ ਪਿਆਰ ਤੂੰ ਦਿੱਤਾ... ਮੈਂ ਉਸਦੀ ਕਦੇ ਕਦਰ ਨਹੀਂ ਕੀਤੀ... ਮੈਂ ਘਰ ਨਹੀਂ ਤੋੜਨਾ ਚਾਹੁੰਦੀ ਸੀ।

ਗੁਰਮੀਤ ਬੋਲਿਆ....ਹਰਜੀਤ... ਕੁਝ ਚੀਜ਼ਾਂ ਜਦੋਂ ਹੱਥੋਂ ਨਿਕਲ ਜਾਣ... ਫਿਰ ਪਛਤਾਵੇ ਵੀ ਉਨ੍ਹਾਂ ਨੂੰ ਵਾਪਸ ਨਹੀਂ ਲਿਆ ਸਕਦੇ, ਮੈਂ ਤੈਨੂੰ ਮੁਆਫ ਕਰਤਾ... ਪਰ ਹੁਣ ਦੋਬਾਰਾ ਤੇਰੇ ਨਾਲ ਰਹਿਣ ਦੀ ਹਿੰਮਤ ਨਹੀਂ ਰਹੀ।

ਇਹ ਸੁਣਕੇ ਹਰਜੀਤ ਉੱਚੀ-ਉੱਚੀ ਰੋਣ ਲੱਗ ਪਈ, ਉਸਨੂੰ ਅਹਿਸਾਸ ਹੋਇਆ ਕਿ ਜਦੋਂ ਕਿਸੇ ਜਾਨ ਤੋਂ ਪਿਆਰੇ ਦਾ ਸਾਥ ਟੁੱਟ ਜਾਵੇ ਤਾਂ ਵੱਡੀਆਂ ਤੋਂ ਵੱਡੀਆਂ ਰੌਣਕਾਂ ਵੀ ਸੁੰਨੀਆਂ ਲੱਗਣ ਲੱਗ ਪੈਂਦੀਆਂ ਨੇ।

ਫੋਨ ਕੱਟਣ ਤੋਂ ਬਾਅਦ ਕਾਫੀ ਦੇਰ ਤੱਕ ਹਰਜੀਤ ਬੈਠੀ ਰੋਂਦੀ ਰਹੀ, ਜਿਹੜੀ ਆਜ਼ਾਦੀ ਲਈ ਉਸਨੇ ਆਪਣਾ ਘਰ ਤੋੜ ਦਿੱਤਾ ਸੀ, ਅੱਜ ਉਹ ਹੀ ਆਜ਼ਾਦੀ ਉਸਨੂੰ ਕੈਦ ਵਰਗੀ ਲੱਗ ਰਹੀ ਸੀ।

ਉਧਰ ਗੁਰਮੀਤ ਵੀ ਸੋਫੇ ਉਪਰ ਚੁੱਪ -ਚਾਪ ਬੈਠਾ ਸੀ, ਮਾਂ ਦੀਆਂ ਗੱਲਾਂ ਉਸਦੇ ਕੰਨਾਂ ਵਿੱਚ ਗੂੰਜ ਰਹੀਆਂ ਸਨ...ਪੁੱਤ, ਜ਼ਿੰਦਗੀ ਕਿਸੇ ਦੇ ਜਾਣ ਨਾਲ ਨਹੀਂ ਰੁੱਕਦੀ,

ਗੁਰਮੀਤ ਨੇ ਅੱਖਾਂ ਮੀਚ ਲਈਆਂ, ਉਸਦੇ ਅੰਦਰ ਗੁੱਸਾ ਤਾਂ ਕਾਫੀ ਪਹਿਲਾਂ ਮਰ ਚੁੱਕਿਆ ਸੀ।

ਕੁਝ ਦਿਨਾਂ ਬਾਅਦ ਗੁਰਮੀਤ ਨੂੰ ਪਿੰਡ ਤੋਂ ਫੋਨ ਆਇਆ, ਮਾਂ ਦੀ ਤਬੀਅਤ ਖਰਾਬ ਹੋ ਗਈ ਸੀ, ਉਹ ਤੁਰੰਤ ਪੰਜਾਬ ਆ ਗਿਆ,ਹਸਪਤਾਲ ਦੇ ਕਮਰੇ ਵਿੱਚ ਮਾਂ ਬੈੱਡ ਉੱਤੇ ਪਈ ਸੀ,ਗੁਰਮੀਤ ਨੇ ਉਸਦਾ ਹੱਥ ਫੜਿਆ..... ਮਾਂ ਬੋਲੀ....ਆ ਗਿਆ ਮੇਰਾ ਪੁੱਤ.....ਮੈਂ ਹੁਣ ਥੱਕ ਗਈ ਆ ਪੁੱਤ... ਬੱਸ ਇੱਕ ਗੱਲ ਯਾਦ ਰੱਖੀਂ... ਕਿਸੇ ਲਈ ਆਪਣੇ ਦਿਲ ਵਿੱਚ ਨਫ਼ਰਤ ਨਾ ਰੱਖੀਂ... ਨਫ਼ਰਤ ਇਨਸਾਨ ਨੂੰ ਅੰਦਰੋਂ-ਅੰਦਰੀ ਖਾ ਜਾਂਦੀ ਆ।

ਗੁਰਮੀਤ ਦੀਆਂ ਅੱਖਾਂ ਭਰ ਆਈਆਂ...ਮਾਂ ਮੇਰੇ ਕੋਲ ਤੂੰ ਹੈ ਤਾਂ ਹੈ...ਮਾਂ ਨੇ ਡੂੰਘਾ ਸਾਹ ਲਿਆ...ਨਹੀਂ ਪੁੱਤ... ਮਾਵਾਂ ਦਾ ਸਾਥ ਹਮੇਸ਼ਾ ਨਾਲ ਨਹੀਂ ਰਹਿੰਦਾ....ਇਹ ਉਸਦੇ ਆਖ਼ਰੀ ਸ਼ਬਦ ਸਨ....ਗੁਰਮੀਤ ਦਾ ਸੰਸਾਰ ਇੱਕ ਵਾਰ ਫਿਰ ਸੁੰਨਾ ਹੋ ਗਿਆ ਸੀ।

ਅੰਤਿਮ ਸੰਸਕਾਰ ਤੋਂ ਬਾਅਦ ਗੁਰਮੀਤ ਘਰ ਦੇ ਵਿਹੜੇ ਵਿੱਚ ਬੈਠਾ ਸੀ ਤਾਂ ਘਰ ਦੇ ਬੂਹੇ ਉਪਰ ਹਰਜੀਤ ਖੜੀ ਸੀ, ਉਹ ਅੰਦਰ ਆਈ 'ਤੇ ਬੋਲੀ...ਮੈਨੂੰ ਪਤਾ ਲੱਗਿਆ... ਮਾਤਾ ਜੀ...ਗੁਰਮੀਤ ਚੁੱਪ ਰਿਹਾ.....ਹਰਜੀਤ ਦੀਆਂ ਅੱਖਾਂ ਵਿੱਚੋਂ ਹੰਝੂ ਵਗ ਪਏ....ਮੈਂ ਉਨ੍ਹਾਂ ਨੂੰ ਕਦੇ ਸਮਝ ਨਾ ਸਕੀ।

ਕੁਝ ਪਲ ਦੋਵੇਂ ਚੁੱਪ ਰਹੇ, ਫਿਰ ਹਰਜੀਤ ਨੇ ਕਿਹਾ...ਗੁਰਮੀਤ... ਜੇ ਸਮਾਂ ਮੁੜ ਮਿਲ ਜਾਵੇ ਨਾ... ਮੈਂ ਸਭ ਕੁਝ ਬਦਲ ਦਿਆਂ... ਮੈਂ ਉਹ ਹਰ ਹੰਝੂ ਦਾ ਕਰਜ਼ ਚੁਕਾ ਦਿਆਂ ਜੋ ਤੇਰੀਆਂ ਅੱਖਾਂ ਵਿੱਚ ਮੇਰੇ ਕਰਕੇ ਆਇਆ।

ਗੁਰਮੀਤ ਨੇ ਉਸ ਵੱਲ ਦੇਖਿਆ 'ਤੇ ਕਿਹਾ....ਜ਼ਿੰਦਗੀ ਕਿਤਾਬ ਵਰਗੀ ਨਹੀਂ ਹੁੰਦੀ ਹਰਜੀਤ... ਕਿ ਫਟਿਆ ਹੋਇਆ ਸਫ਼ਾ ਮੁੜ ਜੋੜ ਲਈਏ...ਹਰਜੀਤ ਨੇ ਸਿਰ ਥੱਲੇ ਕਰ ਲਿਆ।

ਉਹ ਮੁੜਨ ਲੱਗੀ ਤਾਂ ਗੁਰਮੀਤ ਨੇ ਅਵਾਜ਼ ਮਾਰੀ...ਹਰਜੀਤ...ਉਹ ਰੁਕ ਗਈ...ਆਪਣਾ ਖ਼ਿਆਲ ਰੱਖੀਂ...ਬੱਸ ਇਹ ਸ਼ਬਦ ਸੁਣਕੇ ਹਰਜੀਤ ਫੁੱਟ-ਫੁੱਟ ਕੇ ਰੋ ਪਈ ਕਿਉਂਕਿ ਉਹ ਜਾਣਦੀ ਸੀ ਕਿ ਜਿਸ ਇਨਸਾਨ ਨੇ ਇੰਨਾ ਦੁੱਖ ਸਹਿਣ ਤੋਂ ਬਾਅਦ ਵੀ ਉਸਦੇ ਲਈ ਚੰਗਾ ਸੋਚਿਆ.....ਉਸਨੇ ਕਦੇ ਉਸਦੀ ਕਦਰ ਨਹੀਂ ਕੀਤੀ...ਉਹ ਇਨਸਾਨ ਹੁਣ ਉਸਨੂੰ ਮੁੜ ਕਦੇ ਨਹੀਂ ਮਿਲੇਗਾ।

**ਅਵਤਾਰ ਸਿੰਘ ਧਾਲੀਵਾਲ**

# ਧਰਤੀ ਦੀ ਤਾਂਘ

ਸੁਭਾ ਸਵੇਰੇ ਸੈਰ ਕਰਨ ਲਈ ਮੈਂ ਘਰ ਤੋਂ ਨਿਕਲਿਆ।
ਪਾਰਕ ਵਿਚ ਰਖੇ ਬੈਂਚ ਤੇ ਬੈਠ ਕੇ ਅਕਾਸ਼ ਵੱਲ ਤਕਿਆ।
ਤਾਰਿਆਂ ਨਾਲ ਭਰਿਆ ਅਕਾਸ਼ ਸੀ।
ਬਦਲਾਂ ਦਾ ਨਹੀਂ ਕਿਤੇ ਨਾਮ ਨਿਸ਼ਾਨ ਸੀ।
ਰਾਤ ਨੂੰ ਬਾਰਿਸ਼ ਨਹੀਂ ਸੀ ਹੋਈ।
ਫਿਰ ਵੀ ਮੇਰੇ ਪੈਰ ਗਿੱਲੇ ਕਿਉਂ ਹੋਏ,
ਇਹੀ ਸੋਚ ਕੇ ਮੈਂ ਪਰੇਸ਼ਾਨ ਸੀ।
ਪਰੇਸ਼ਾਨੀ ਮੇਰੀ ਦੇਖ ਕੇ,
ਧਰਤੀ ਮਾਂ ਅਚਾਨਕ ਬੋਲ ਪਈ,
ਦਿਲ ਵਿਚ ਛੁਪਾਏ ਦੁਖੜੇ ਅਤੇ ਗੁਝੇ ਰਾਜ ਖੋਲ ਗਈ।
''ਨੀਲੇ ਗਗਨ ਨੂੰ ਮਿਲਣ ਲਈ ਜੁਗਾਂ ਜੁਗਾਂ ਤੋਂ ਮੈਂ ਤਰਸ ਰਹੀ,
ਕਦੇ ਵੀ ਨਾ ਮਿਲ ਸਕੀ ਉਸ ਨੂੰ ਜਿਸਦੀ ਛਤਰ ਛਾਇਆ ਹੇਠ ਮੈਂ ਜੀਅ ਰਹੀ।
ਮੈਨੂੰ ਮਿਲਣ ਦੀ ਦਿਲ ਵਿਚ ਆਸ ਲੈ ਕੇ ਅਕਾਸ਼ ਸਾਰੀ ਰਾਤ ਰੋਂਦਾ ਹੈ।
ਖਲਕਤ ਤੋਂ ਛੁਪ ਛੁਪ ਕੇ ਮੇਰਾ ਤਨ ਬਦਨ ਭਿਉਂਦਾ ਹੈ।
ਲੋਕ ਸਮਝਦੇ ਨੇ ਕਹਿਕਸ਼ਾਂ ਦੀ ਰੇਖਾ ਤੇ,
ਅਕਾਸ਼ ਮੈਨੂੰ ਕਲਾਵੇ ਵਿਚ ਲੈਂਦਾ ਹੈ।
ਇਹ ਭਰਮ ਹੈ ਲੋਕਾਂ ਦੀਆਂ ਅੱਖਾਂ ਦਾ,



ਇਹ ਕੇਵਲ ਮਿਰਗ ਤ੍ਰਿਸ਼ਨਾ ਹੈ।
ਚੰਨ ਸੂਰਜ ਤਾਰੇ ਸਾਰੇ ਮੇਰੇ ਹਮਸਾਏ ਨੇ,
ਮੈਂ ਉਨ੍ਹਾਂ ਨੂੰ ਉਹ ਮੈਨੂੰ ਮਿਲਣ ਲਈ
ਜੁਗਾਂ ਜੁਗਾਂ ਤੋਂ ਤਰਸਾਏ ਨੇ।
ਕਦੇ ਕਦੇ ਜੇ ਚੰਨ ਉਪਰ ਪੈ ਜਾਏ ਮੇਰਾ ਪਰਛਾਵਾਂ,
ਜਾਂ ਘੁੰਮਦੀ ਘੁੰਮਦੀ ਚੰਨ ਸੂਰਜ ਦੇ ਵਿਚਕਾਰ ਆ ਜਾਵਾਂ।
ਮੇਰੇ ਆਪਣੇ ਜਾਏ ਸ਼ੋਰ ਮਚਾਉਂਦੇ ਨੇ,
ਉਹ ਦੇਖੋ ਚੰਨ ਨੂੰ ਗ੍ਰਹਿਣ ਲਗਾ,
ਉਹ ਦੇਖੋ ਸੂਰਜ ਨੂੰ ਗ੍ਰਹਿਣ ਲਗਾ।
ਇਉਂ ਕਹਿ ਕੇ ਮੇਰੇ ਤੇ ਲਾਂਛਣ ਲਾਉਂਦੇ ਨੇ।
ਮੈਂ ਚੰਨ ਦੀ ਭੈਣ ਅਤੇ ਚੰਨ ਮੇਰਾ ਭਰਾ,
ਤਾਹੀਓਂ ਤਾਂ ਮੇਰੇ ਜਾਏ ਚੰਨ ਨੂੰ ਚੰਦਾ ਮਾਮਾ ਕਹਿੰਦੇ ਨੇ।
ਚੰਦਰ ਗ੍ਰਹਿਣ ਸੂਰਜ ਗ੍ਰਹਿਣ ਖੁਗੋਲਿਕ ਪ੍ਰਕਿਰਆ ਹੈ,
ਫਿਰ ਵੀ ਪੰਡਿਤਾਂ ਨੇ ਇਸਦਾ ਦੋਸ਼ ਮੇਰੇ ਸਿਰ ਮੜ੍ਹਿਆ ਹੈ।
ਪੁੰਨ ਧਰਮ ਦੀਆਂ ਵੇਲਾਂ ਮਹਾਰਾਜਿਓ,
ਪੰਡਤਾਂ ਨੂੰ ਦਾਨ ਕਰਨ ਦੀਆਂ ਵੇਲਾਂ ਮਹਾਰਾਜਿਓ,
ਇਦਾਂ ਕਹਿਕੇ ਦੁਨੀਆ ਨੂੰ ਭਰਮਾਉਂਦੇ ਨੇ,
ਭੋਲੀ ਭਾਲੀ ਜਨਤਾ ਨੂੰ ਘਰ ਦੇ ਅੰਦਰ ਬੰਦ ਰਹਿਣ ਲਈ ਕਹਿੰਦੇ ਨੇ।
ਇਹ ਨਾ ਖਾਓ ਉਹ ਨਾ ਖਾਓ ਲੋਕਾਂ ਨੂੰ ਸਮਝਾਉਂਦੇ ਨੇ,
ਪਰ ਖੁਦ ਛਤੀ ਪ੍ਰਕਾਰ ਦੇ ਭੋਜਨ ਦਾ ਲੁਤਫ ਉਠਾਉਂਦੇ ਨੇ।
ਜੰਗਲ ਪਹਾੜਾਂ ਅਤੇ ਸਮੁੰਦਰਾਂ ਦਾ,
ਭਾਰ ਚੁਕੀ ਮੈਂ ਘੁੰਮਦੀ ਰਹਿੰਦੀ ਹਾਂ,
ਪੈਰਾਂ ਥਲੇ ਰੁਲਦੀ ਹਾਂ ਫਿਰ ਵੀ ਚੁਪ ਰਹਿੰਦੀ ਹਾਂ।
ਕਿਉਂਕਿ ਮੈਨੂੰ ਤਾਂਘ ਹੈ ਆਪਣੇ ਪ੍ਰੀਤਮ,
ਅਕਾਸ਼ ਨੂੰ ਮਿਲਣ ਦੀ। ''

**-ਗੁਰਮੀਤ ਸਿੰਘ**

# ਬਾਬਾ ਰੁਲਦਾ ਸਿੰਘ ਦੀ "ਚੜ੍ਹਦੇ ਸੂਰਜ ਦੀਆਂ ਸਤਰੰਗੀ ਕਿਰਨਾਂ" ਕਿਤਾਬ ਵਿਧਾਇਕ ਸੰਗੋਵਾਲ ਅਤੇ ਹੋਰਨਾਂ ਨੇ ਕੀਤੀ ਰਿਲੀਜ਼

## ਨੌਜਵਾਨ ਪੀੜੀ ਲਈ ਪ੍ਰੇਰਣਾ ਸਰੋਤ ਹੈ ਏਹ ਕਿਤਾਬ – ਵਿਧਾਇਕ ਸੰਗੋਵਾਲ




ਲੁਧਿਆਣਾ : ਬਾਬਾ ਰੁਲਦਾ ਸਿੰਘ ਸਾਇਆਂ ਕਲਾਂ ਵਲੋਂ ਜ਼ਿੰਦਗੀ ਦੇ ਤਜਰਬਿਆਂ ਦੀ ਇਬਾਰਤ ਬਾਰੇ ਲਿਖੀ ਗਈ ਕਿਤਾਬ" ਚੜਦੇ ਸੂਰਜ ਦੀਆਂ ਸਤਰੰਗੀ ਕਿਰਨਾ" ਨੂੰ ਅੱਜ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਜਰਖੜ ਖੇਡ ਸਟੇਡੀਅਮ ਵਿਖੇ ਰਿਲੀਜ਼ ਕੀਤਾ। ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਆਖਿਆ ਕਿ ਬਾਬਾ ਰੁਲਦਾ ਸਿੰਘ ਸਾਇਆ ਕਲਾ ਸਾਡੇ ਇਲਾਕੇ ਦੀ ਹਰਮਨ ਪਿਆਰੀ ਸਖਸ਼ੀਅਤ ਹਨ। ਬਾਬਾ ਰੁਲਦਾ ਸਿੰਘ ਇੱਕ ਉਸਾਰੂ ਸੋਚ ਅਤੇ ਸਾਰਥਿਕ ਸੇਧ ਦੇਣ ਵਾਲੀ ਸ਼ਖਸੀਅਤ ਹਨ। ਉਹ ਇਕ ਦਹਾਕੇ ਤੋਂ ਵੱਧ ਸਮਾਂ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨਾਲ ਵੀ ਜੁੜੇ ਰਹੇ ਹਨ। ਅਕੈਡਮੀ ਦੇ ਬੱਚਿਆਂ ਲਈ ਉਨ੍ਹਾਂ ਦੀ ਭੂਮਿਕਾ ਹਮੇਸ਼ਾ ਹੀ ਪ੍ਰੇਰਨਾ ਸਰੋਤ ਰਹੀ ਹੈ।

ਬਾਬਾ ਰੁਲਦਾ ਸਿੰਘ ਹੋਰਾਂ ਨੇ ਆਪਣੀ 80 ਸਾਲ ਦੇ ਉਮਰ ਵਿੱਚ ਜੋ _" ਚੜ੍ਹਦੇ ਸੂਰਜ ਦੀਆਂ ਸਤਰੰਗੀ ਕਿਰਨਾਂ" ਕਿਤਾਬ ਲਿਖੀ ਹੈ ਉਹ ਨੌਜਵਾਨਾਂ ਲਈ ਇੱਕ ਪ੍ਰੇਰਨਾ ਸਰੋਤ ਹੈ। ਇਹ ਕਿਤਾਬ ਏਹ ਸਿੱਧ ਕਰ ਰਹੀ ਹੈ ਕਿ ਬੁਢਾਪਾ ਸਿਰਫ ਮੰਨਣ ਵਾਲਿਆਂ ਕੋਲ ਆਉਂਦਾ ਹੈ, ਸੰਘਰਸ਼ੀ ਜਿੰਦਗੀ ਜਿਉਣ ਵਾਲੇ ਤਾਂ ਹਮੇਸ਼ਾ ਜਵਾਨ ਹੀ ਰਹਿੰਦੇ ਹਨ। ਉਹਨਾਂ ਦਾ ਕਿਤਾਬ ਲਿਖਣ ਦਾ ਮਕਸਦ ਵੀ ਇਹੀ ਹੈ, ਉਹਨਾਂ ਨੇ ਇਸ ਕਿਤਾਬ ਵਿੱਚ ਆਪਣੀ ਜ਼ਿੰਦਗੀ ਦੇ ਅੱਠ ਦਹਾਕਿਆ ਦੇ ਖੱਟੇ ਮਿੱਠੇ ਤਜਰਬਿਆਂ ਦਾ ਵਰਨਣ ਕੀਤਾ ਹੈ। ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਆਖਿਆ ਕਿ ਬਾਬਾ ਰੁਲਦਾ ਸਿੰਘ ਜੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਇਹ ਕਿਤਾਬ ਪਾਠਕਾਂ ਨਾਲ ਸਾਂਝੀ ਕੀਤੀ ਹੈ । ਇਸ ਕਿਤਾਬ ਤੋਂ ਨੌਜਵਾਨਾਂ ਨੂੰ ਬਹੁਤ ਕੁੱਝ ਸਿੱਖਣ ਨੂੰ ਮਿਲੇਗਾ। ਇਸ ਮੌਕੇ ਖੇਡ ਲੇਖਕ ਜਗਰੂਪ ਸਿੰਘ ਜਰਖੜ ਨੇ ਵੀ ਬਾਬਾ ਰੁਲਦਾ ਸਿੰਘ ਨੂੰ "ਚੜ੍ਹਦੇ ਸੂਰਜ ਦੀਆਂ ਸਤਰੰਗੀ ਕਿਰਨਾਂ " ਕਿਤਾਬ ਲਿਖਣ ਤੇ ਵਧਾਈ ਦਿੱਤੀ ਅਤੇ ਨੌਜਵਾਨਾਂ ਨੂੰ ਬੇਨਤੀ ਕੀਤੀ ਕਿ ਹਰ ਇੱਕ ਨੂੰ ਇਹ ਕਿਤਾਬ ਜ਼ਰੂਰ ਪੜਨੀ ਚਾਹੀਦੀ ਹੈ।

ਇਸ ਮੌਕੇ ਬਾਬਾ ਗੁਰਸੇਵਕ ਸਿੰਘ ਘਵੱਦੀ , ਅਮਰੀਕ ਸਿੰਘ ਮਿਨਹਾਸ , ਸੁਖਵਿੰਦਰ ਸਿੰਘ,ਬਲਰਾਜ ਸਿੰਘ ਗਿੱਲ, ਹਰਦੀਪ ਸਿੰਘ ਬੀਰਮਪੁਰ ਕੁਲਦੀਪ ਸਿੰਘ ਘਵੱਦੀ, ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਬੂਟਾ ਸਿੰਘ ਸਿੱਧੂ ਦੋਰਾਹਾ, ਅਜੀਤ ਸਿੰਘ ਲਾਦੀਆ, ਕੁਲਵਿੰਦਰ ਸਿੰਘ ਟੋਨੀ ਘਵੱਦੀ,ਸੁਖਦੇਵ ਸਿੰਘ ਡੇਹਲੋਂ, ਇਕਵਾਲ ਸਿੰਘ ਕਾਲਖ, ਤਜਿੰਦਰ ਸਿੰਘ ਜਰਖੜ ਆਦ ਹੋਰ ਇਲਾਕੇ ਦੀਆਂ ਸ਼ਖਸੀਅਤਾਂ ਹਾਜ਼ਰ ਸਨ।

# ਫਿਲਮ ਕਲਾਕਾਰ, ਮਾਊਂਨਟੇਨਰ ਸੁੱਖੀ ਬੱਲ ਦਾ ਜਰਖੜ ਖੇਡ ਸਟੇਡੀਅਮ ਪੁੱਜਣ 'ਤੇ "ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ" ਨਾਲ ਹੋਇਆ ਸਨਮਾਨ






ਲੁਧਿਆਣਾ : ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਰਜਿਸਟਰ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 16ਵੇਂ ਜੇ ਐਸਟੀ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਟੂਰਨਾਮੈਂਟ ਦੇ ਮੈਚਾਂ ਦੌਰਾਨ ਬੀਤੀ ਰਾਤ ਹੁਣੇ ਹੁਣੇ ਨੇਪਾਲ ਦੀ ਹਿਮਾਲਿਆ ਪਹਾੜੀ ਅੰਮਾ ਡਬਲਮ ਨੂੰ ਸਰ ਕਰਨ ਵਾਲੀ ਪੰਜਾਬ ਦੀ ਪਹਿਲੀ ਨੌਜਵਾਨ ਧੀ, ਫਿਲਮ ਕਲਾਕਾਰ, ਕੌਮੀ ਅਥਲੀਟ ਸੁਖਵੀਰ ਕੌਰ ਉਰਫ਼ ਸੁੱਖੀ ਬੱਲ ਦਾ ਜਰਖੜ ਸਟੇਡੀਅਮ ਵਿਖੇ ਪੁੱਜਣ ਤੇ ਜੋਰਦਾਰ ਸਵਾਗਤ ਕੀਤਾ ਗਿਆ ਅਤੇ ਜਰਖੜ ਟਰੱਸਟ ਵਲੋਂ ਉਹਨਾਂ ਨੂੰ "ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ" ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸੁੱਖੀ ਬੱਲ ਨੇ ਜਿੱਥੇ ਟੂਰਨਾਮੈਂਟ ਦੀਆਂ ਵੱਖ ਵੱਖ ਟੀਮਾਂ ਨਾਲ ਜਾਣ ਪਹਿਚਾਣ ਕੀਤੀ ਉਥੇ ਉਹਨਾਂ ਨੇ ਆਪਣੇ ਸਨਮਾਨ ਬਾਰੇ ਬੋਲਦਿਆ ਆਖਿਆ ਕਿ ਇਹ ਸਨਮਾਨ ਉਹਨਾਂ ਦੀ ਸਮਰਪਿਤ ਭਾਵਨਾ, ਮਿਹਨਤ ਅਤੇ ਜ਼ਿੰਦਗੀ ਦੇ ਹੋਰ ਟੀਚੇ ਸਰ ਕਰਨ ਨੂੰ ਹੋਰ ਹੌਸਲਾ ਦੇਵੇਗਾ।

ਉਹਨਾਂ ਆਖਿਆ ਕਿ ਜਰਖੜ ਖੇਡਾਂ ਨੇ ਤੰਦਰੁਸਤ ਸਮਾਜ ਅਤੇ ਅੱਗੇ ਵੱਧਦਾ ਪੰਜਾਬ ਸਿਰਜਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸੁਖੀ ਬੱਲ ਨੇ ਆਖਿਆ ਕਿ ਉਹਨਾਂ ਦਾ ਪਰਿਵਾਰ ਵੀ ਖੇਡਾਂ ਨੂੰ ਹੀ ਸਮਰਪਿਤ ਹੈ ਉਹ ਖੁਦ ਕੌਮੀ ਪੱਧਰ ਦੀ ਅਥਲੀਟ ਰਹੀ ਹੈ ਉਹਨਾਂ ਦੇ ਪਿਤਾ ਰਣਜੀਤ ਸਿੰਘ ਬੱਲ ਜਿੱਥੇ ਕਬੱਡੀ ਦੇ ਨਾਮੀ ਖਿਡਾਰੀ ਸੀ ਉਹਨਾਂ ਦਾ ਭਰਾ ਕੌਮੀ ਪੱਧਰ ਤੇ ਬਾਸਕਟਬਾਲ ਖੇਡਦਾ ਹੈ। ਇਸ ਮੌਕੇ ਉਹਨਾਂ ਨੇ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨਾਲ ਖੇਡਾਂ ਸਬੰਧੀ ਕੁਝ ਗੱਲਾਂ ਸਾਂਝੀਆਂ ਕੀਤੀਆਂ ਅਤੇ ਉਹਨਾਂ ਨੂੰ ਭਵਿੱਖ ਵਿੱਚ ਅੱਗੇ ਵਧਣ ਲਈ ਪ੍ਰੇਰਿਆ। ਸੁਖੀ ਬੱਲ ਨੇ ਆਖਿਆ ਕਿ ਜੇਕਰ ਪੰਜਾਬ ਦੇ ਹਰ ਪਿੰਡ ਵਿੱਚ ਜਰਖੜ ਵਰਗੀ ਖੇਡ ਸਹੂਲਤ ਨੌਜਵਾਨਾਂ ਨੂੰ ਮਿਲੇ ਤਾਂ ਪੰਜਾਬ ਕੁਝ ਦਿਨਾਂ ਵਿੱਚ ਹੀ ਆਪਣੇ ਆਪ ਡਰੱਗ ਮੁਕਤ ਸੂਬਾ ਬਣ ਸਕਦਾ ਹੈ।

ਇਸ ਮੌਕੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਸੁੱਖੀ ਬੱਲ ਨੂੰ ਜੀ ਆਇਆ ਆਖਦਿਆਂ ਦਸੰਬਰ ਮਹੀਨੇ ਹੋਣ ਵਾਲੀਆਂ ਜਰਖੜ ਖੇਡਾਂ ਲਈ ਬਰਾਂਡ ਅੰਬੈਸਡਰ ਬਣਾਉਣ ਦਾ ਐਲਾਨ ਕੀਤਾ। ਇਸ ਮੌਕੇ ਅੰਤਰਰਾਸ਼ਟਰੀ ਵੇਟ ਲਿਫਟਰ ਹਰਦੀਪ ਸਿੰਘ ਬੀਰਮਪੁਰ, ਅਮਰੀਕ ਸਿੰਘ ਮਿਨਹਾਸ ਏਆਈਜੀ ,ਗੁਰਸਤਿੰਦਰ ਸਿੰਘ ਪ੍ਰਗਟ , ਤਜਿੰਦਰ ਸਿੰਘ ਜਰਖੜ ਸ਼ਿੰਗਾਰਾ ਸਿੰਘ ਜਰਖੜ ਅਤੇ ਸੁਖਵਿੰਦਰ ਸਿੰਘ ਚੇਅਰਮੈਨ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ , ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਅਫ਼ਗਾਨਿਸਤਾਨ ਖ਼ਿਲਾਫ਼ ਲੜੀ ਲਈ ਟੀਮ ਇੰਡੀਆ ਦਾ ਐਲਾਨ

## ਸ਼ੁਭਮਨ ਗਿੱਲ ਹੱਥ ਕਮਾਨ




ਅਫ਼ਗਾਨਿਸਤਾਨ ਖ਼ਿਲਾਫ਼ ਹੋਣ ਵਾਲੇ ਅਗਲੇ ਘਰੇਲੂ ਮੁਕਾਬਲਿਆਂ ਲਈ ਭਾਰਤੀ ਕ੍ਰਿਕਟ ਟੀਮ ਦਾ ਐਲਾਨ ਕਰ ਦਿੱਤਾ ਗਿਆ ਹੈ। ਅਜੀਤ ਅਗਰਕਰ ਦੀ ਅਗਵਾਈ ਹੇਠਲੀ ਕੌਮੀ ਚੋਣ ਕਮੇਟੀ ਨੇ ਵਿਕਟਕੀਪਰ ਬੱਲੇਬਾਜ਼ ਰਿਸ਼ਭ ਪੰਤ ਨੂੰ ਟੈਸਟ ਟੀਮ ਦੀ ਉਪ ਕਪਤਾਨੀ ਤੋਂ ਹਟਾ ਦਿੱਤਾ ਹੈ। ਇਸ ਦੇ ਨਾਲ ਹੀ ਉਸ ਨੂੰ ਤਿੰਨ ਮੈਚਾਂ ਦੀ ਇੱਕ ਰੋਜ਼ਾ ਲੜੀ ’ਚੋਂ ਵੀ ਬਾਹਰ ਕਰ ਦਿੱਤਾ ਹੈ। ਪੰਤ ਦੀ ਥਾਂ ਕੇ ਐੱਲ ਰਾਹੁਲ ਟੈਸਟ ਟੀਮ ਦਾ ਨਵਾਂ ਉਪ ਕਪਤਾਨ ਹੋਵੇਗਾ। ਇੱਕ ਰੋਜ਼ਾ ਟੀਮ ਦਾ ਉਪ ਕਪਤਾਨ ਸ਼੍ਰੇਅਸ ਅਈਅਰ ਨੂੰ ਬਣਾਇਆ ਗਿਆ ਹੈ। ਦੋਵਾਂ ਟੀਮਾਂ ਦੀ ਕਮਾਨ ਸ਼ੁਭਮਨ ਗਿੱਲ ਦੇ ਹੱਥ ਹੈ। ਰੋਹਿਤ ਸ਼ਰਮਾ ਤੇ ਵਿਰਾਟ ਕੋਹਲੀ ਦੀ ਵੀ ਇੱਕ ਰੋਜ਼ਾ ਟੀਮ ਵਿੱਚ ਵਾਪਸੀ ਹੋਈ ਹੈ। ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੂੰ ਦੋਵਾਂ ਲੜੀਆਂ ਤੋਂ ਆਰਾਮ ਦਿੱਤਾ ਗਿਆ ਹੈ। ਅਗਰਕਰ ਨੇ ਦੱਸਿਆ ਕਿ ਬੁਮਰਾਹ ਇੰਗਲੈਂਡ ਦੌਰੇ ’ਤੇ ਵਾਪਸੀ ਕਰੇਗਾ। ਟੈਸਟ ਟੀਮ ਵਿੱਚ ਸਪਿੰਨਰ ਮਾਨਵ ਸੁਥਾਰ ਅਤੇ ਤੇਜ਼ ਗੇਂਦਬਾਜ਼ ਗੁਰਨੂਰ ਬਰਾੜ ਨੂੰ ਪਹਿਲੀ ਵਾਰ ਸ਼ਾਮਲ ਕੀਤਾ ਗਿਆ ਹੈ।

ਟੈਸਟ ਟੀਮ ਵਿੱਚ ਸ਼ੁਭਮਨ ਗਿੱਲ (ਕਪਤਾਨ), ਯਸ਼ਸਵੀ ਜੈਸਵਾਲ, ਕੇ ਐੱਲ ਰਾਹੁਲ (ਉਪ ਕਪਤਾਨ), ਸਾਈ ਸੁਦਰਸ਼ਨ, ਰਿਸ਼ਭ ਪੰਤ, ਦੇਵਦੱਤ ਪੱਡੀਕਲ, ਨਿਤੀਸ਼ ਕੁਮਾਰ ਰੈੱਡੀ, ਵਾਸ਼ਿੰਗਟਨ ਸੁੰਦਰ, ਕੁਲਦੀਪ ਯਾਦਵ, ਮੁਹੰਮਦ ਸਿਰਾਜ, ਪ੍ਰਸਿੱਧ ਕ੍ਰਿਸ਼ਨਾ, ਮਾਨਵ ਸੁਥਾਰ, ਗੁਰਨੂਰ ਬਰਾੜ, ਹਰਸ਼ ਦੂਬੇ ਅਤੇ ਧਰੁਵ ਜੁਰੇਲ ਸ਼ਾਮਲ ਹਨ। ਇਸੇ ਤਰ੍ਹਾਂ ਇੱਕ ਰੋਜ਼ਾ ਟੀਮ ਵਿੱਚ ਸ਼ੁਭਮਨ ਗਿੱਲ (ਕਪਤਾਨ), ਸ਼੍ਰੇਅਸ ਅਈਅਰ (ਉਪ ਕਪਤਾਨ), ਰੋਹਿਤ ਸ਼ਰਮਾ, ਵਿਰਾਟ ਕੋਹਲੀ, ਕੇ ਐੱਲ ਰਾਹੁਲ, ਈਸ਼ਾਨ ਕਿਸ਼ਨ, ਹਾਰਦਿਕ ਪੰਡਿਆ, ਨਿਤੀਸ਼ ਕੁਮਾਰ ਰੈੱਡੀ, ਵਾਸ਼ਿੰਗਟਨ ਸੁੰਦਰ, ਹਰਸ਼ ਦੂਬੇ, ਕੁਲਦੀਪ ਯਾਦਵ, ਅਰਸ਼ਦੀਪ ਸਿੰਘ, ਪ੍ਰਸਿੱਧ ਕ੍ਰਿਸ਼ਨਾ, ਪ੍ਰਿੰਸ ਯਾਦਵ ਅਤੇ ਗੁਰਨੂਰ ਬਰਾੜ ਨੂੰ ਸ਼ਾਮਲ ਕੀਤਾ ਗਿਆ ਹੈ। ਅਫ਼ਗਾਨਿਸਤਾਨ ਖ਼ਿਲਾਫ਼ ਖੇਡਿਆ ਜਾਣ ਵਾਲਾ ਇਕਲੌਤਾ ਟੈਸਟ ਮੈਚ ਛੇ ਜੂਨ ਤੋਂ ਮੁੱਲਾਂਪੁਰ ਗਰੀਬਦਾਸ (ਨਿਊ ਚੰਡੀਗੜ੍ਹ) ਸਥਿਤ ਪੀ ਸੀ ਏ ਸਟੇਡੀਅਮ ਵਿੱਚ ਸ਼ੁਰੂ ਹੋਵੇਗਾ। ਇਸ ਤੋਂ ਬਾਅਦ 14 ਜੂਨ ਤੋਂ ਧਰਮਸ਼ਾਲਾ, ਲਖਨਊ ਅਤੇ ਚੇਨੱਈ ਵਿੱਚ ਤਿੰਨ ਇੱਕ ਰੋਜ਼ਾ ਮੈਚ ਖੇਡੇ ਜਾਣਗੇ।

# ਆਰ ਪ੍ਰਗਨਾਨੰਦਾ ਤੇ ਕੇਮਰ ਵਿਚਾਲੇ ਬਾਜ਼ੀ ਡਰਾਅ



ਭਾਰਤੀ ਗਰੈਂਡਮਾਸਟਰ ਆਰ ਪ੍ਰਗਨਾਨੰਦਾ ਨੇ ਸੁਪਰ ਸ਼ਤਰੰਜ ਕਲਾਸਿਕ ਟੂਰਨਾਮੈਂਟ ਦੇ ਤੀਜੇ ਗੇੜ ਵਿੱਚ ਜਰਮਨੀ ਦੇ ਵਿਨਸੈਂਟ ਕੇਮਰ ਨਾਲ ਬਾਜ਼ੀ ਡਰਾਅ ਖੇਡੀ। ਇਸ ਡਰਾਅ ਮਗਰੋਂ ਵੀ ਉਹ ਸਾਂਝੇ ਤੌਰ ’ਤੇ ਪਹਿਲੇ ਸਥਾਨ ’ਤੇ ਬਰਕਰਾਰ ਹੈ। ਪਿਛਲੇ ਗੇੜ ਵਿੱਚ ਉਜ਼ਬੇਕਿਸਤਾਨ ਦੇ ਜਾਵੋਖਿਰ ਸਿੰਦਾਰੋਵ ’ਤੇ ਸ਼ਾਨਦਾਰ ਜਿੱਤ ਦਰਜ ਕਰਨ ਵਾਲੇ ਪ੍ਰਗਨਾਨੰਦਾ ਦੇ ਹੁਣ ਤਿੰਨ ’ਚੋਂ ਦੋ ਅੰਕ ਹੋ ਗਏ ਹਨ। ਉਹ ਫਰਾਂਸ ਦੇ ਮੈਕਸਿਮ ਵਾਸ਼ੀਅਰ–ਲਾਗਰੇਵ, ਨੈਦਰਲੈਂਡਜ਼ ਦੇ ਜੌਰਡਨ ਵੈਨ ਫੋਰੈਸਟ, ਅਨੀਸ਼ ਗਿਰੀ ਅਤੇ ਕੇਮਰ ਨਾਲ ਸਾਂਝੇ ਤੌਰ ’ਤੇ ਸਿਖਰ ’ਤੇ ਹੈ। ਸਫੈਦ ਮੋਹਰਿਆਂ ਨਾਲ ਖੇਡਦਿਆਂ ਪ੍ਰਗਨਾਨੰਦਾ ਨੇ ਨਿਮਜ਼ੋ ਇੰਡੀਅਨ ਖ਼ਿਲਾਫ਼ ਕੈਪਾਬਲਾਂਕਾ ਓਪਨਿੰਗ ਖੇਡੀ। ਕੇਮਰ ਨੇ ਸ਼ੁਰੂਆਤ ਵਿੱਚ ਹੀ ਇੱਕ ਪਿਆਦਾ ਕੁਰਬਾਨ ਕਰ ਕੇ ਖੇਡ ਬਰਾਬਰ ਕਰ ਦਿੱਤੀ। ਦੋਵੇਂ ਖਿਡਾਰੀ 64 ਚਾਲਾਂ ਤੋਂ ਬਾਅਦ ਡਰਾਅ ’ਤੇ ਸਹਿਮਤ ਹੋਏ। ਦੂਜੇ ਪਾਸੇ, ਅਨੀਸ਼ ਗਿਰੀ ਨੇ ਫਰਾਂਸ ਦੇ ਅਲੀਰੇਜ਼ਾ ਫਿਰੋਜ਼ਾ ਨੂੰ ਹਰਾ ਕੇ ਆਪਣੀ ਪਹਿਲੀ ਜਿੱਤ ਹਾਸਲ ਕੀਤੀ। ਵੈਨ ਫੋਰੈਸਟ ਨੇ ਕਾਲੇ ਮੋਹਰਿਆਂ ਨਾਲ ਖੇਡਦਿਆਂ ਸਥਾਨਕ ਖਿਡਾਰੀ ਬੋਗਦਾਨ–ਡੈਨੀਅਲ ਡੀਕ ਨੂੰ ਮਾਤ ਦਿੱਤੀ। ਅਮਰੀਕਾ ਦੇ ਫੈਬੀਆਨੋ ਕਾਰੂਆਨਾ ਅਤੇ ਵੈਸਲੀ ਸੋ ਵਿਚਾਲੇ ਖੇਡੀ ਗਈ ਬਾਜ਼ੀ ਡਰਾਅ ਰਹੀ, ਜਿਸ ਨਾਲ ਦੋਵਾਂ ਦੇ 1.5 ਅੰਕ ਹਨ। ਸਿੰਦਾਰੋਵ ਨੇ ਵਾਸ਼ੀਅਰ–ਲਾਗਰੇਵ ਨੂੰ ਡਰਾਅ ’ਤੇ ਰੋਕ ਕੇ ਅੰਕ ਵੰਡਿਆ। ਨੌਂ ਗੇੜਾਂ ਦੇ ਇਸ ਟੂਰਨਾਮੈਂਟ ਦੀ ਕੁੱਲ ਇਨਾਮੀ ਰਕਮ 3,50,000 ਅਮਰੀਕੀ ਡਾਲਰ ਹੈ, ਜਿਸ ’ਚੋਂ ਜੇਤੂ ਨੂੰ 1,00,000 ਡਾਲਰ ਮਿਲਣਗੇ। ਦੂਜੇ ਗੇੜ ਦੇ ਮੁਕਾਬਲਿਆਂ ਵਿੱਚ ਪ੍ਰਗਨਾਨੰਦਾ ਨੇ ਸਿੰਦਾਰੋਵ ਅਤੇ ਕੇਮਰ ਨੇ ਬੋਗਦਾਨ–ਡੈਨੀਅਲ ਨੂੰ ਹਰਾਇਆ ਸੀ।

# ਤਾਸ਼ਕੰਦ 'ਚ ਚਮਕਿਆ ਪੰਜਾਬ ਦਾ ਪੁੱਤਰ




ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਦੇ ਸਰੀਰਕ ਸਿੱਖਿਆ ਅਤੇ ਖੇਡ ਟੈਕਨਾਲੋਜੀ ਵਿਭਾਗ ਦੇ ਵਿਦਿਆਰਥੀ ਅੰਮ੍ਰਿਤਪਾਲ ਸਿੰਘ ਨੇ ਤਾਸ਼ਕੰਦ ਵਿੱਚ ਹੋਈ ਮੱਧ–ਦੱਖਣੀ ਏਸ਼ੀਆ ਰਗਬੀ ਸੈਵਨਜ਼ ਚੈਂਪੀਅਨਸ਼ਿਪ 2026 ਵਿੱਚ ਭਾਰਤੀ ਟੀਮ ਵੱਲੋਂ ਖੇਡਦਿਆਂ ਚਾਂਦੀ ਦਾ ਤਗ਼ਮਾ ਜਿੱਤਿਆ ਹੈ। ਇਸ ਪ੍ਰਾਪਤੀ ਨਾਲ ਉਸ ਨੇ ਯੂਨੀਵਰਸਿਟੀ ਸਮੇਤ ਪੰਜਾਬ ਅਤੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ।

ਇਸ ਤੋਂ ਪਹਿਲਾਂ ਵੀ ਅੰਮ੍ਰਿਤਪਾਲ ਨੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਰਗਬੀ ਮੁਕਾਬਲਿਆਂ, ਸੀਨੀਅਰ ਨੈਸ਼ਨਲ ਰਗਬੀ ਚੈਂਪੀਅਨਸ਼ਿਪ ਅਤੇ ਨੈਸ਼ਨਲ ਗੇਮਜ਼ ਵਿੱਚ ਬਿਹਤਰ ਖੇਡ ਦਿਖਾ ਕੇ ਆਪਣੀ ਵੱਖਰੀ ਪਛਾਣ ਬਣਾਈ ਹੈ। ਇਸ ਪ੍ਰਾਪਤੀ ’ਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ, ਡੀਨ ਅਕਾਦਮਿਕ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਰਜਿਸਟਰਾਰ ਪ੍ਰੋ. (ਡਾ.) ਤੇਜਬੀਰ ਸਿੰਘ, ਡੀਨ ਵਿਦਿਆਰਥੀ ਭਲਾਈ ਡਾ. ਸਿਕੰਦਰ ਸਿੰਘ, ਡਾ. ਅੰਕਦੀਪ ਕੌਰ ਅਟਵਾਲ, ਡਾ. ਹਰਨੀਤ ਬਿਲਿੰਗ, ਵਿਭਾਗ ਮੁਖੀ ਡਾ. ਵਰਿੰਦਰ ਸਿੰਘ ਭੁੱਲਰ, ਪੀ ਆਰ ਓ ਜਸਪ੍ਰੀਤ ਕੌਰ ਅਤੇ ਰਗਬੀ ਸੈਕਟਰੀ ਨੀਰਜ ਕੁਮਾਰ ਨੇ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਕੋਚ ਸੰਦੀਪ ਕੁਮਾਰ ਨੂੰ ਮੁਬਾਰਕਬਾਦ ਦਿੱਤੀ ਹੈ।

ਯੂਨੀਵਰਸਿਟੀ ਦੀ ਖਿਡਾਰਨ ਅਮਨਦੀਪ ਕੌਰ ਵੀ ਏਸ਼ੀਅਨ ਰਗਬੀ ਸੈਵਨ ਸੀਰੀਜ਼ ਦੌਰਾਨ ਚੀਨ ਅਤੇ ਸ੍ਰੀਲੰਕਾ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਚੁੱਕੀ ਹੈ। ਆਰ ਪੀ ਐੱਲ ਵਿੱਚ ਉਸ ਨੂੰ ਚੇਨੱਈ ਬੁਲਜ਼ ਨੇ ਚੁਣਿਆ ਹੈ। ਵਾਈਸ ਚਾਂਸਲਰ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਅਤੇ ਅਮਨਦੀਪ ਕੌਰ ਰਗਬੀ ਵਿੱਚ ਕੌਮਾਂਤਰੀ ਪੱਧਰ ’ਤੇ ਦੇਸ਼ ਦੀ ਨੁਮਾਇੰਦਗੀ ਕਰਦਿਆਂ ਵੱਡੀਆਂ ਮੱਲਾਂ ਮਾਰਨ ਵਾਲੇ ਪਹਿਲੇ ਪੰਜਾਬੀ ਹਨ।







